ੴ ਸਤਿਗੁਰ ਪ੍ਰਸਾਦਿ॥

# ਸਤਿਗੁਰ ਬਾਝਹੁ ਗੁਰੁ ਨਹੀ ਕੋਈ

ਲੇਖਕ

**ਕੰਵਰ ਅਜੀਤ ਸਿੰਘ**

ਪ੍ਰਕਾਸ਼ਕ

**ਗੁਰਮਤਿ ਵਿਚਾਰ ਕੇਂਦਰ**

ਰਣਜੀਤ ਨਗਰ, ਜੀ - ਬਲਾਕ,

ਸਿਉਨਾ ਰੋਡ, ਪਟਿਆਲਾ

ਛਾਪਕ

**ਡੈਫੋਡਿਲ ਪ੍ਰਿੰਟਰਜ**

ਫੈਕਟਰੀ ਏਰੀਆ, ਪਟਿਆਲਾ ।

ਭੇਟਾ 10/- ਰੁਪਏ

## ਸਮਰਪਣ

**ਜੁਗੋ ਜੁਗ ਅਟੱਲ**
**ਸ੍ਰੀ ਗੁਰੂ ਗ੍ਰੰਥ ਸਾਹਿਬ ਦੀ**
**ਚੌਥੀ ਸ਼ਤਾਬਦੀ ਨੂੰ**

Website: www.gurmatvichar.info
Email: sdkajitsingh@yahoo.co.in

# ਸਤਿਗੁਰ ਬਾਝਹੁ ਗੁਰੁ ਨਹੀ ਕੋਈ


ਲੇਖਕ

**ਕੰਵਰ ਅਜੀਤ ਸਿੰਘ**



ਪ੍ਰਕਾਸ਼ਕ

**ਗੁਰਮਤਿ ਵਿਚਾਰ ਕੇਂਦਰ**

20/77, ਰਣਜੀਤ ਨਗਰ, ਜੀ-ਬਲਾਕ,

ਸਿਉਨਾ ਰੋਡ, ਪਟਿਆਲਾ ।

ਫੋਨ : 0175-2359328, ਮੋਬਾਇਲ : 98151-56818

# ਤਤਕਰਾ

ਪੰਨਾ

1. ਮੁੱਖ ਬੰਦ
2. ਦੋ ਸ਼ਬਦ
3. ਪਰਉਪਕਾਰੀ ਸਤਿਗੁਰੂ
4. ਚੋਧਵਾਂ ਗੁਰੂ (ਨਾਮਧਾਰੀ)
5. ਰਾਧਾ ਸੁਆਮੀ ਮੱਤ
6. ਅਸਲੀ ਨਿਰੰਕਾਰੀ
7. ਨਕਲੀ ਨਿਰੰਕਾਰੀ
8. ਨਕਲੀ ਅਵਤਾਰ ਬਾਣੀ
9. ਗੁਰੂ ਮਾਨੀਓ ਗ੍ਰੰਥ
10. ਸਹਾਇਕ ਪੁਸਤਕਾਂ ਦੀ ਸੂਚੀ

# ਮੁੱਖ ਬੰਦ

ਗੁਰੂ ਦੀ Institution ਨੂੰ ਜਿਸ ਭਾਵਨੀ ਤੇ ਪ੍ਰਤੀਤੀ ਨਾਲ ਸਿੱਖ ਮੱਤ ਵਿੱਚ ਮਾਨ ਪ੍ਰਾਪਤ ਹੈ, ਉਸ ਦੀ ਉਦਾਹਰਣ ਕਿਸੇ ਹੋਰ ਧਰਮ ਵਿੱਚ ਨਹੀਂ ਮਿਲਦੀ । ਇਕ ਸਿੱਖ ਲਈ ਗੁਰੂ ਜੀਵਨ ਆਧਾਰ ਹੀ ਨਹੀਂ ਜੀਵਨ ਹੈ, 'ਬੈਦੁ' (ਵੈਦ) ਹੈ, ਪ੍ਰਭੂ ਆਪ ਹੈ ।

***"ਪਾਰਬ੍ਰਹਮ ਗੁਰ ਨਾਹੀ ਭੇਦ"*** ॥ (ਪੰਨਾ **੧੧੪੨**)

ਸੱਚੇ ਹੋਣਾ ਗੁਰੂ ਦਾ ਪ੍ਰਮੁੱਖ ਲੱਛਣ ਹੈ । ਜੇ ਗੁਰ ਪਾਰਬ੍ਰਹਮ ਰੂਪ ਹੈ, ਅਤੇ ਪਾਰਬ੍ਰਹਮ ਸੱਚ ਸਰੂਪ ਹੈ, ਤਾਂ ਗੁਰੂ ਵੀ ਯਕੀਨਨ ਸੱਚ ਹੀ ਹੈ । ਪਾਰਬ੍ਰਹਮ ਸੱਚ ਹੈ ਤੇ ਸੰਪੂਰਨ ਹੈ । ਸੋ ਸੱਚ ਵੀ ਸੰਪੂਰਨ ਹੀ ਹੋ ਸਕਦਾ ਹੈ, ਸ਼ਤਿ ਪ੍ਰਤਿ ਸ਼ਤਿ । ਜਿਸ ਵਿਚ ਲੇਸ ਮਾਤਰ ਵੀ ਖੋਟ ਹੈ, ਝੂਠ ਹੈ, ਅਸੱਤ ਹੈ, ਉਹ ਸੰਪੂਰਨ ਨਹੀਂ । ਜੋ ਸੰਪੂਰਨ ਨਹੀਂ ਉਹ ਪ੍ਰਭੂ ਪਿਤਾ ਦਾ ਉਪਦੇਸ਼ ਵੀ ਗੰਧਲਾ ਕੇ ਪ੍ਰਚਾਰੇਗਾ ਕਿਉਂਕਿ ਉਸ ਦਾ ਲੇਸ ਮਾਤਰ ਝੂਠ ਉਸ ਅੰਤਰ ਪਣਪ ਰਹੀ ਹਉਮੈ ਤੇ ਮਾਇਆਵੀ ਬਿਰਤੀਆਂ ਦੀ ਪ੍ਰਤੀਕ ਹੈ । ਉਹ ਗੁਰੂ ਕਿਸੇ ਨੂੰ ਸੱਚੇ ਮਾਰਗ ਤੇ ਕਿਵੇਂ ਪਾਵੇਗਾ ਜਿਸ ਨੇ ਆਪ ਵੀ ਅਜੇ ਸੱਚ ਨਾਲ ਸੰਬੰਧ ਨਹੀਂ ਜੋੜਿਆ। ਸੱਚ ਨਾਲ ਸੰਬੰਧ ਜੋੜਨ ਲਈ ਝੂਠ ਦੀ ਮਲ ਲਾਹੁਣੀ ਪਵੇਗੀ । ਉਸ ਲਈ ਸਤਿਗੁਰੂ ਦੀ ਸ਼ਰਨ ਵਿੱਚ ਆ ਕੇ ਪੂਰਨ ਤੌਰ ਤੇ ਸਮਰਪਣ ਕਰਨਾ ਪਵੇਗਾ, ਉਸ ਦੇ ਉਪਦੇਸ਼ ਨੂੰ ਜੀਣਾ ਪਵੇਗਾ –

***ਧੰਨੁ ਧੰਨੁ ਗੁਰੂ ਗੁਰੂ ਸਤਿਗੁਰ ਪਾਧਾ,***
***ਜਿਨਿ ਹਰਿ ਉਪਦੇਸ਼ ਦੇ ਕੀਏ ਸਿਆਣੇ ॥*** (ਪੰਨਾ **੧੬੮**)

ਤੇ ਸਤਿਗੁਰੂ ਅਨੰਦ, ਸੁਖ, ਸ਼ਾਂਤੀ ਦਾ ਘਰ ਹੈ ।

***ਜਿਸ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥***
***ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥***
(ਪੰਨਾ **੧੬੮**)

ਗੁਰਬਾਣੀ ਵਿਚ ਗੁਰੂ ਦੇ ਅਨੇਕ ਲੱਛਣ ਪ੍ਰਾਪਤ ਹਨ । ਫ਼ੁਰਮਾਨ ਹੈ ਕਿ ਗੁਰੂ ਜੈਸਾ ਹੋਰ ਕੋਈ ਦੇਵਤਾ ਵੀ ਨਹੀਂ । ਗੁਰੂ ਦੇਵਤਿਆਂ ਤੋਂ ਸਰਬ ਉੱਤਮ ਹੈ । (ਗੁਰੂ ਜੈਸਾ ਨਾਹੀ ਕਉ ਦੇਵ) ਸੁਖਦਾਤਾ ਤੇ ਦੁਖ ਮੇਟਣ ਵਾਲਾ ਹੈ, ਸਿੱਖ

ਦਾ ਪ੍ਰਤਿਪਾਲਕ ਹੈ, ਦਇਆਲੂ ਹੈ, ਦੁਰਮਤ ਹਰਨ ਯੋਗ ਹੈ, ਸਿੱਖ ਦਾ ਸ਼ਾਹ ਹੈ, ਸਿੱਖ ਦੇ ਜੀਵਨ ਰੂਪੀ ਨਾਵ ਦਾ ਖੇਵਟ ਹੈ, ਪਾਰਜਾਤ ਹੈ ਤੇ ਨਾਮੁ ਧਨ ਦਾ ਦਾਤਾ ਹੈ। ਸਿੱਖ ਵਡਭਾਗੀ ਵੀ ਤਾਂ ਹੈ ਤੇ ਸਿੱਖ ਵੀ ਤਾਂ ਹੀ ਜੇ ਉਹ ਸੱਚੇ ਗੁਰੂ ਦਾ ਹੈ।

ਪਿਛਲੀ ਸਦੀ ਵਿੱਚ ਅਨੇਕਾਂ ਅਜੇਹੇ ਮਾਇਆ ਧਾਰੀ, ਅੰਨੇ, ਬੋਲੇ ਵਿਅਕਤੀ ਸਿੱਧੇ ਸਾਦੇ ਲੋਕਾਂ ਨੂੰ ਅਗਿਆਨਤਾ ਵਸ, ਭਰਮ ਜਾਲ ਵਿਚ ਫਸਾ ਕੇ ਆਪਣੇ ਆਪ ਨੂੰ ਗੁਰੂ ਜਾਂ ਗੁਰੂ ਤੁੱਲ ਗਰਦਾਨਦੇ ਆਏ ਹਨ। ਉਨ੍ਹਾਂ ਦਾ ਮੁੱਖ ਮਨੋਰਥ ਸਿਰਫ਼ ਤੇ ਸਿਰਫ਼ ਆਪਣੀ ਸੱਤਾ ਤੇ ਦਬ ਦਬਾਅ ਬਨਾਏ ਰੱਖਣਾ ਹੀ ਹੈ ਤਾਂ ਕਿ ਉਹਨਾਂ ਦਾ ਨਾਉਂ ਲੋਕਾਂ ਦੀ ਰਸਨਾ ਤੇ ਰਹੇ। ਉਨ੍ਹਾਂ ਦੇ ਜੀਵਨ ਵਿਚ ਸੱਚ ਤਾਂ ਉਨ੍ਹਾਂ ਦੀ ਪ੍ਰਛਾਈ ਦੇ ਸਮਾਨ ਵੀ ਨਹੀਂ। ਉਨ੍ਹਾਂ ਵਲੋਂ ਕੀਤੇ ਪਰਉਪਕਾਰੀ ਗਰਦਾਨੇ ਕਰਮਾਂ ਵਿਚ ਮਾਨਵਤ ਲਈ ਦਰਦ, ਸਨੇਹ, ਮਾਨ, ਸਤਿਕਾਰ ਤੇ ਉਨ੍ਹਾਂ ਦੇ ਰੂਹਾਨੀ ਸਰੋਕਾਰ ਨਾਲ ਕੋਈ ਸੰਬੰਧ ਨਹੀਂ – ਭਾਵੇਂ ਉਹ ਰੂਹਾਨੀ ਸ਼ਬਦ ਦਾ ਪ੍ਰਯੋਗ ਖੁਲ੍ਹ ਕੇ ਕਰਦੇ ਹਨ – ਸਿਰਫ ਆਪਣੇ ਝੂਠ ਨੂੰ ਆੜ ਦੇਣ ਲਈ।

ਸ੍ਰ: ਕੰਵਰ ਅਜੀਤ ਸਿੰਘ ਜੀ ਪਿਛਲੇ ਕਈ ਸਾਲਾਂ ਤੋਂ ਅਗਿਆਨੀ, ਅਲਪ ਗਿਆਨੀ ਅਤੇ ਭਟਕੇ ਹੋਏ ਸਿੱਖਾਂ ਨੂੰ, ਗੁਰਮਤਿ ਮਾਰਗ ਦੇ ਅੱਡ-ਅੱਡ ਵਿਸ਼ਿਆਂ ਤੇ ਲਿਖੇ, ਖੋਜ ਭਰਪੂਰ ਟਰੈਕਟਾਂ ਰਾਹੀਂ ਜਾਣੂੰ ਕਰਵਾ ਰਹੇ ਹਨ। ਸਿੱਖਾਂ ਵਿਚ ਗੁਰੂ ਤੇ ਗੁਰੂ ਪ੍ਰੰਪਰਾ ਬਾਰੇ ਵੀ ਅਨੇਕ ਭੁਲੇਖੇ ਹਨ ਜਿਨਾਂ ਦੀ ਨਵਿਰਤੀ ਕੰਵਰਅਜੀਤ ਸਿੰਘ ਜੀ ਨੇ ਹਥਲੀ ਪੁਸਤਕ/ਕਿਤਾਬਚੇ ਵਿਚ ਬਾਖੂਬੀ ਕੀਤੀ ਹੈ। ਦਲੀਲਾਂ ਨੂੰ ਗੁਰਬਾਣੀ ਦੇ ਪ੍ਰਮਾਨਾਂ ਰਾਹੀਂ ਪੁਖ਼ਤਗੀ ਪ੍ਰਦਾਨ ਕੀਤੀ ਹੈ। ਦਾਸ ਨੂੰ ਯਕੀਨ ਹੈ ਕਿ ਹਰ ਮਾਨਸਿਕਤਾ ਦੇ ਸਿੱਖ ਪਾਠਕ ਇਸ ਤੋਂ ਪੂਰਾ ਲਾਭ ਉਠਾਉਣਗੇ ਅਤੇ ਆਪਣੇ ਭੁਲੇਖੇ ਸਦਾ ਲਈ ਦੂਰ ਕਰ ਲੈਣਗੇ।

**ਵਾਹਿਗੁਰੂ ਜੀ ਕਾ ਖਾਲਸਾ,**
**ਵਾਹਿਗੁਰੂ ਜੀ ਕੀ ਫਤਹਿ ॥**

ਦਾਸ :

**ਕਰਨਲ (ਰਿਟ.) ਦੇਵਿੰਦਰ ਸਿੰਘ**

ਪੰਥ ਵਿਰੋਧੀ ਤਾਕਤਾਂ ਦੇ ਜ਼ਰ ਖਰੀਦ ਆਪਣੀਆਂ ਲੂੰਬੜ ਚਾਲਾਂ ਨਾਲ ਲੋਕਾਂ ਨੂੰ ਭਰਮਾ ਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਨਿਰਮਲ ਪੰਥ ਨੂੰ ਖੋਰਾ ਲਾ ਰਹੇ ਹਨ ।

ਇਸ ਬਾਰੇ ਪਹਿਲਾਂ ਬਹੁਤ ਕੁਝ ਲਿਖਿਆ ਪਿਆ ਹੈ ਪਰ ਆਮ ਸਿਖ ਦੀ ਗਿਆਤ ਤੋਂ ਬਾਹਰ ਹੈ । ਗੁਰੂ ਕ੍ਰਿਪਾ ਸਦਕਾ ਦਾਸ ਨੇ ਬੜੀ ਸਰਲ ਭਾਸ਼ਾ ਵਿਚ ਸੰਖੇਪ ਤੌਰ ਤੇ ਜਨ ਸਾਧਾਰਨ ਦੀ ਗਿਆਤ ਲਈ ਇਹ ਉਦਮ ਕੀਤਾ ਹੈ ਆਸ ਹੈ ਪਾਠਕ ਕੰਮੀਆਂ ਨੂੰ ਚਿਤਾਰਦੇ ਹੋਏ ਸਹੀ ਤੱਥ ਜਾਣ ਕੇ ਲਾਭ ਪ੍ਰਾਪਤ ਕਰਨਗੇ ।


ਗੁਰੂ ਪੰਥ ਦਾ ਦਾਸ :

**ਕੰਵਰ ਅਜੀਤ ਸਿੰਘ**

20/77, ਰਣਜੀਤ ਨਗਰ, ਜੀ-ਬਲਾਕ,

ਸਿਊਨਾ ਚੌਕ, ਪਟਿਆਲਾ ।

ਫੋਨ : 2359328

ਮੋਬਾਇਲ : 98151-56818

# ਪਰਉਪਕਾਰੀ ਸਤਿਗੁਰੂ

ਸ਼ੰਕਰਾਚਾਰੀਆ ਨੇ ਰਾਜਪੂਤ ਰਾਜਿਆਂ ਦੀ ਮਦਦ ਨਾਲ ਬੋਧੀਆਂ ਦਾ ਕਤਲੇਆਮ ਕੀਤਾ, ਬੋਧ ਮਠ ਅਤੇ ਟੈਕਸਲਾ ਜਿਹੀਆਂ ਯੂਨੀਵਰਸਿਟੀਆਂ ਨੂੰ ਨਸ਼ਟ ਕਰ ਕੇ, ਹਿੰਦੁਸਤਾਨ ਵਿਚੋਂ ਬੁੱਧ ਧਰਮ ਦਾ ਸਫ਼ਾਇਆ ਕਰ ਦਿੱਤਾ। ਇਸ ਪਿੱਛੇ ਇਕ ਵੱਡਾ ਕਾਰਨ ਇਹ ਸੀ ਕਿ ਬੁਧ ਧਰਮ ਦੀ ਹੋਂਦ ਨਾਲ ਮਨੂੰ ਰਿਸ਼ੀ ਵਲੋਂ ਚਲਾਈ ਜਾਤ-ਪਾਤ ਦੀ ਵਰਣ ਵੰਡ ਦੀ ਸਮਾਪਤੀ ਨਾਲ, ਬ੍ਰਾਹਮਣ ਦੀ ਅਜ਼ਾਰੇਦਾਰੀ ਨੂੰ ਵੱਡਾ ਖੋਰਾ ਲੱਗ ਰਿਹਾ ਸੀ ਜੋ ਕਿ ਸ਼ੰਕਰਾਚਾਰੀਆ ਅਤੇ ਬਾਕੀ ਬ੍ਰਾਹਮਣ ਜਾਤੀ ਨੂੰ ਪ੍ਰਵਾਣ ਨਹੀਂ ਸੀ।

ਇਸ ਪਿਛੋਂ ਸ਼ੂਦਰ ਜਾਤੀ ਅਤੇ ਨਾਲ ਹੀ ਪਛੜੀਆਂ ਸ਼੍ਰੇਣੀਆਂ ਉੱਤੇ ਜ਼ੁਲਮ ਦੀ ਅਨ੍ਹੇਰੀ ਇਕ ਵਾਰ ਫਿਰ ਝੁੱਲ ਪਈ। ਇਸ ਤੋਂ ਇਲਾਵਾ ਇਸਤ੍ਰੀ ਜਾਤੀ ਨੂੰ ਜੋ ਥੋੜੀ ਬਹੁਤ ਰਾਹਤ ਬੁੱਧ ਧਰਮ ਦੇ ਪਸਾਰ ਨਾਲ ਮਿਲੀ ਸੀ, ਉਹ ਭੀ ਸਮਾਪਤ ਹੋ ਗਈ। ਭਾਰਤ ਵਿਚ ਵਸਦੀ ਮਾਨਵ ਜਾਤੀ ਦੇ ਅੱਧੇ ਭਾਗ (ਇਸਤ੍ਰੀ ਜਾਤੀ) ਅਤੇ ਕੁਲ ਦੇਸ਼ ਦੀ ਜਨਸੰਖਿਆ ਦੇ ਇਕ ਤਿਹਾਈ (ਸ਼ੂਦਰਾਂ) 'ਤੇ ਜ਼ੁਲਮ ਢਾਹੁਣ ਕਾਰਨ ਸਾਰੇ ਦੇਸ਼ ਨੂੰ ਲੰਬੀ ਗੁਲਾਮੀ ਦੀ ਅਸਹਿ ਪੀੜਾ ਸਹਿਣੀ ਪਈ।

ਵਿਦੇਸ਼ੀ ਧਾੜਵੀਆਂ ਅਤੇ ਧਾਰਮਿਕ ਮੁਖੀਆਂ (ਬ੍ਰਾਹਮਣ) ਹਥੋਂ ਪੀੜਤ ਲੁਕਾਈ ਜਦ ਅਤਿ ਦੁਖੀ ਹੋ ਗਈ ਤਾਂ :

***ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ ॥***

(ਭਾ. ਗੁ: ਵਾ: ੧, ਪਉੜੀ ੨੩)

ਗੁਰੂ ਬਾਬੇ ਨੇ ਦੇਖਿਆ ਕਿ ਇਕ ਪਾਸੇ ਦੇਸ਼ਵਾਸੀ ਅਗਿਆਨਤਾ ਵੱਸ ਫੋਕਟ ਕਰਮਾਂ ਵਿਚ ਫਸਕੇ ਪਰਮੇਸ਼ਰ ਤੋਂ ਬੇਮੁਖ ਹੋ ਗਏ ਹਨ ਅਤੇ ਦੂਸਰੇ ਪਾਸੇ ਧਾਰਮਿਕ ਅਤੇ ਸਮਾਜਕ ਅਨਿਆਂ ਤੋਂ ਦੁਖੀ ਹਨ। ਤੀਸਰੇ ਪਾਸੇ, ਵਿਦੇਸ਼ੀ ਜਰਵਾਣੇ ਜ਼ੁਲਮ ਢਾਹ ਰਹੇ ਹਨ।

***ਬਾਬਾ ਦੇਖੈ ਧਿਆਨ ਧਰਿ***
***ਜਲਤੀ ਸਭਿ ਪ੍ਰਿਥਵੀ ਦਿਸ ਆਈ।***
***ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।***

(ਭਾ. ਗੁ: ਵਾ: ੧, ਪਉੜੀ ੨੪)

ਗੁਰੂ ਬਾਬੇ ਨੇ ਜਗਤ ਨੂੰ ਇਕ ਅਕਾਲ ਪੁਰਖ, ਜੋ ੴ ਹੈ, ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ ਅਤੇ ਗੁਰ ਪ੍ਰਸਾਦਿ ਹੈ, ਦਾ ਪੱਲਾ ਫੜਨ ਲਈ, ਨਾਮ ਜਪਣ ਅਤੇ ਸਿਫ਼ਤ ਸਲਾਹ ਦਾ ਮਾਰਗ ਦੱਸਿਆ ।

ਸਮਾਜਕ ਅਨਿਆਇ ਦੀ ਵਰਣਵੰਡ ਨੂੰ ਸਮਾਪਤ ਕਰਨ ਲਈ :

***ਸਭ ਮਹਿ ਜੋਤਿ ਜੋਤਿ ਹੈ ਸੋਇ ॥*** (ਅੰਕ ੬੬੩)

ਦੀ ਆਵਾਜ਼ ਬੁਲੰਦ ਕੀਤੀ । ਇਸੇ ਤਰ੍ਹਾਂ ਜ਼ੁਲਮ ਦੇ ਬਰਖ਼ਿਲਾਫ਼ ਲੁਕਾਈ ਨੂੰ ਲਾਮਬੰਦ ਹੋਣ ਲਈ ਕਿਹਾ ।

***ਜਿਨ ਜੀਵੰਦਿਆਂ ਪਤਿ ਨਹੀਂ***
***ਮੁਇਆ ਮੰਦੀ ਸੋਇ ॥*** (ਅੰਕ ੧੨੪੨)

ਬੋਧ ਮੱਤ ਦੀ ਭਿਖਸ਼ੂਵਾਦ (ਭਿਖਿਆ ਮੰਗ ਕੇ ਖਾਣਾ) ਅਤੇ ਜੋਗ ਮੱਤ ਦੀ ਗ੍ਰਿਹਸਤ ਮੱਤ ਤੋਂ ਉਪਰਾਮਤਾ ਖ਼ਤਮ ਕਰਨ ਲਈ "ਗ੍ਰਿਹਸਤ ਮਹਿ ਉਦਾਸ" ਰਹਿਣ ਦਾ ਸੰਸਾਰ ਨੂੰ ਨਵਾਂ ਸੁਨੇਹਾ ਦਿੱਤਾ ਅਤੇ ਧਰਮ ਦੀ ਕਿਰਤ ਕਰਕੇ, ਵੰਡ ਛਕਣ ਦਾ ਨਵਾਂ ਸੰਕਲਪ ਸੰਸਾਰ ਨੂੰ ਪੇਸ਼ ਕੀਤਾ ।

ਮੋਹ ਮਾਇਆ ਤੋਂ ਨਿਰਲੇਪ ਗੁਰੂ ਬਾਬੇ ਨੇ ਆਪਣੇ ਪਰਵਾਰ ਦਾ ਵਿਛੋੜਾ ਸਹਿ ਕੇ ਆਪਣੀ ਨਵੀਂ ਵੀਚਾਰਧਾਰਾ ***ਨਾਮ ਜਪੋ, ਵੰਡ ਛਕੋ ਅਤੇ ਧਰਮ ਦੀ ਕਿਰਤ ਕਰੋ,*** ਦਾ ਹੋਕਾ, ਸਾਰੇ ਸੰਸਾਰ ਵਿਚ ਪਹੁੰਚਾਉਣ ਲਈ :

***ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ।***
***ਚੜ੍ਹਿਆ ਸੋਧਣ ਧਰਤਿ ਲੁਕਾਈ ॥*** (ਭਾ. ਗੁ. ਵਾ. ੧, ਪਉੜੀ ੨੪)

ਦਾ ਬਿਖੜਾ ਪੈਂਡਾ ਚੁਣਿਆ ।

ਆਪਣੇ ਜੀਵਨ ਦੇ ਤਕਰੀਬਨ ਇਕ ਤਿਹਾਈ ਸਮੇਂ ਵਿਚ ਗੁਰੂ ਬਾਬੇ ਨੇ, ਜੰਗਲ ਬੀਆਬਾਨਾਂ, ਪਹਾੜਾਂ ਦੀਆਂ ਕੰਦਰਾਂ ਵਿਚ ਬੈਠੇ ਜੋਗੀਆਂ, ਰਾਹਮਾਰਾਂ, ਚੋਰਾਂ, ਠੱਗਾਂ, ਡਾਕੂਆਂ ਨੂੰ ਉਨ੍ਹਾਂ ਦੇ ਘਰ ਜਾ ਕੇ ਸੋਧ ਕੇ ਸਹੀ ਮਾਰਗ ਤੇ ਪਾਇਆ।

ਡੇਰਿਆਂ, ਮੱਠਾਂ, ਧਾਰਮਕ ਅਸਥਾਨਾਂ ਦੇ ਜੋੜ ਮੇਲਿਆਂ ਵਿਚ ਲੱਖਾਂ ਦੀਆਂ ਭੀੜਾਂ ਵਿਚ ਗੁਰੂ ਬਾਬੇ ਨੇ ਬੱਬਰ ਸ਼ੇਰ ਵਾਂਗ ਬੁੱਕ ਕੇ ਦੰਭੀਆਂ ਅਤੇ ਪਾਖੰਡੀਆਂ ਨੂੰ ਭਾਜੜਾਂ ਪੁਆਈਆਂ । ਆਪਣੇ ਅਨੋਖੇ ਅੰਦਾਜ਼ ਵਿਚ ਮਲਕ ਭਾਗੋ ਅਤੇ ਬਾਬਰ ਵਰਗੇ ਜ਼ਾਲਮਾਂ ਤੋਂ ਤੋਬਾ ਕਰਵਾਈ, ਜਿਸ ਦੀ ਮਿਸਾਲ ਸੰਸਾਰ ਵਿਚ

ਕਿਤੇ ਨਹੀਂ ਮਿਲਦੀ । ਆਪਣੇ ਘਰ ਵਿਚ ਬੈਠ ਕੇ ਆਪਣੇ ਚੇਲਿਆਂ ਤੋਂ ਹਰ ਕੋਈ ਜਗਤ ਗੁਰੂ ਕਹਾ ਸਕਦਾ ਹੈ, ਪਰ ਸਾਰੇ ਸੰਸਾਰ ਵਿਚ ਡੰਕਾ ਵਜਾ ਕੇ ਜਗਤ ਗੁਰੂ ਬਣਨਾ ਗੁਰੂ ਬਾਬੇ ਦੇ ਹਿੱਸੇ ਹੀ ਆਇਆ ਹੈ। ਗੁਰੂ ਬਾਬਾ ਜੀ ਨੇ ਬਾਣੀ ਰਚੀ, ਰਾਗ ਰਚੇ, ਘੋੜੀਆਂ, ਛੰਦ ਰਾਗਾਂ ਵਿਚ ਗਾਏ, ਅਲਾਹੁਣੀਆਂ ਪੜ੍ਹੀਆਂ, ਪੱਟੀ ਲਿਖੀ, ਬਾਰਾਂਮਾਹ ਲਿਖੇ, ਵਣਜਾਰੇ, ਕਰਹਲੇ, ਦਿਨ ਰੈਣ, ਥਿੱਤ ਵਾਰ ਅੰਕਿਤ ਕੀਤੇ, ਸੰਸਾਰ ਵਿਚ ਪਹਿਲੀ ਵਾਰ ਅਧਿਆਤਮਕ ਵਾਰਾਂ ਗਾਈਆਂ ।

ਆਪਣੇ ਜੀਵਨ ਦੇ ਅਖੀਰਲੇ ਹਿੱਸੇ ਵਿਚ ਕਰਤਾਰਪੁਰ ਨਗਰ ਵਸਾ ਕੇ ਹਥੀਂ ਹਲ੍ਹ ਵਾਹਿਆ, ਉਪਜ ਲੰਗਰ ਵਿਚ ਪਾਈ, ਸੰਗਤ ਅਤੇ ਪੰਗਤ ਦੀ ਰੀਤ ਚਾਲੂ ਕੀਤੀ, ਗੋਸ਼ਟੀਆਂ ਕੀਤੀਆਂ, ਸੰਸਾਰ ਦੀ ਉਤਪਤੀ ਅਤੇ ਲੈਅ ਹੋਣ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਆਪਣੇ ਵੀਚਾਰ ਦੱਸੇ । ਸਰਭ ਸਾਂਝੀਵਾਲਤਾ ਦਾ ਹੋਕਾ ਦੇ ਕੇ ਸਾਰੇ ਸੰਸਾਰ ਦਾ ਭਲਾ ਮੰਗਿਆ ।

***ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥***
***ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*** (ਅੰਕ ੮੫੩)

ਆਪਣੇ ਜਿਉਂਦੇ ਜੀਅ ਆਪਣੇ ਉੱਤਰ ਅਧਿਕਾਰੀ, ਭਾਈ ਲਹਿਣਾ ਜੀ ਨੂੰ; ਸਭ ਦੇ ਸਾਹਮਣੇ ਪਰਖ ਕੇ ਆਪਣੀ ਜਗ੍ਹਾ ਬਿਠਾ ਕੇ ਮੱਥਾ ਟੇਕਿਆ ਅਤੇ ਅੰਗਦ ਨਾਮ ਬਖਸ਼ਿਆ ।

ਪਿਛਲੀਆਂ ਕਈ ਸਦੀਆਂ ਤੋਂ ਕੋਈ ਅਖੌਤੀ ਜਗਤ ਗੁਰੂ ਇੰਜ ਨਹੀਂ ਕਰ ਸਕਿਆ ਅਤੇ ਨ ਹੀ ਕੋਈ ਕਰ ਸਕੇਗਾ । ਕਿਉਂਕਿ ਕਿਸੇ ਨੂੰ ਪਤਾ ਹੀ ਨਹੀਂ ਕਦ ਮਰਣਾ ਹੈ । ਇਸ ਲਈ ਸਭ ਨੇ ਆਪਣੀਆਂ ਵਸੀਅਤਾਂ ਲਿੱਖ ਕੇ ਬੈਂਕ ਲਾਕਰਾਂ ਵਿਚ ਰੱਖੀਆਂ ਹੋਈਆਂ ਹਨ ਕਿ ਸਾਥੋਂ ਪਿਛੋਂ ਫਲਾਣਾ ਉਤਰ-ਅਧਿਕਾਰੀ ਹੋਵੇਗਾ ।

ਫਿਰ ਸੰਸਾਰ ਛੱਡਣ ਵੇਲੇ ਬਾਬੇ ਨੇ ਜੋ ਕਰ ਦਿਖਾਇਆ, ਕਿ ਸਰੀਰ ਮਿਲਿਆ ਹੀ ਨਹੀਂ ਕੇਵਲ ਫੁੱਲ ਹੀ ਮਿਲੇ, ਨ ਕੋਈ ਅੱਜ ਦਾ ਪਾਖੰਡੀ ਗੁਰੂ ਕਰ ਸਕਿਆ ਹੈ ਨ ਹੀ ਕਰ ਸਕੇਗਾ ।

ਇਸੇ ਤਰ੍ਹਾਂ ਗੁਰੂ ਬਾਬੇ ਦੀਆਂ ਨਿਸ਼ਾਨੀਆਂ ਪੰਜਾ ਸਾਹਿਬ, ਰੀਠਾ ਸਾਹਿਬ, ਜਗਨਨਾਥ ਪੁਰੀ ਅਤੇ ਹੋਰ ਥਾਂ ਵਗਾਏ ਮਿੱਠੇ ਪਾਣੀ ਦੇ ਝਰਨੇ ਅਨੰਤ ਕਾਲ ਤੱਕ ਬਾਬੇ ਦੀ ਤੂਤੀ ਜੱਗ ਤੇ ਵਜਾਉਣਗੇ ਅਤੇ ਪਾਖੰਡੀ ਗੁਰੂਆਂ ਨੂੰ ਚੈਲਿੰਜ ਦਿੰਦੇ ਰਹਿਣਗੇ ।

ਗੁਰੂ ਬਾਬੇ ਦੀ ਦੂਸਰੀ ਜੋਤ ਗੁਰੂ ਅੰਗਦ ਸਾਹਿਬ ਨੇ ਬਾਬੇ ਦੀ ਚਲਾਈ ਰੀਤ ਸੰਗਤ ਅਤੇ ਪੰਗਤ ਨੂੰ ਜਾਰੀ ਰੱਖਿਆ। ਬਾਣੀ ਰਚੀ, ਗੁਰਮੁਖੀ ਲਿੱਪੀ ਸਿੱਖ ਜਗਤ ਨੂੰ ਬਖਸ਼ੀ, ਬਾਣੀ ਦੀ ਸੰਭਾਲ ਕੀਤੀ, ਗੁਰੂ ਬਾਬੇ ਦਾ ਜੀਵਨ ਇਤਿਹਾਸ ਲਿਖਿਆ । ਖਡੂਰ ਸਾਹਿਬ ਦਾ ਵਿਕਾਸ ਕੀਤਾ, ਬਾਬੇ ਵਾਂਗ ਹਮਾਂਯੂ ਦਾ ਹੰਕਾਰ ਤੋੜਿਆ ਅਤੇ ਜੀਵਨ ਦੀ ਖੇਡ ਸਮਾਪਤ ਕਰਨ ਤੋਂ ਪਹਿਲਾਂ ਆਪਣੇ ਸੇਵਕ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੀ ਗੱਦੀ ਬਖਸ਼ੀ ।

ਸ੍ਰੀ ਗੁਰੂ ਅਮਰਦਾਸ ਜੀ ਨੇ ਲੋਕਾਚਾਰੀ ਨੂੰ ਲੱਤ ਮਾਰ ਕੇ ਆਪਣੇ ਕੁੜਮ ਦੇ ਘਰ ਪੂਰੇ ਬਾਰਾਂ ਸਾਲ ਮੁੱਲ ਖਰੀਦੀ ਗੋਲੇ ਵਾਂਗ ਸੇਵਾ ਕਰ ਕੇ ਗੁਰਗੱਦੀ ਪ੍ਰਾਪਤ ਕੀਤੀ।

ਸ੍ਰੀ ਗੁਰੂ ਜੀ ਨੇ ਸਰਬਸਾਂਝੀਵਾਲਤਾ ਦਾ ਸਬਕ ਪੱਕਾ ਕਰਨ ਲਈ ਗੋਇੰਦਵਾਲ ਨਗਰ ਵਸਾ ਕੇ ਬਉਲੀ ਰਚੀ ਤਾਂ ਜੋ ਉਚ ਨੀਚ ਦੇ ਭੇਦ ਮਿਟਾ ਕੇ ਸਾਰੇ ਸਿਖ ਇਕ ਥਾਂ ਇਸ਼ਨਾਨ ਕਰਨ । ਲੰਗਰ ਵਾਸਤੇ ਪੰਗਤ ਲਾਜ਼ਮੀ ਕੀਤੀ ਅਤੇ ਪੱਕਾ ਪਾਠ ਪੜ੍ਹਾਇਆ ।

*"ਪਹਿਲੇ ਪੰਗਤ ਪਾਛੈ ਸੰਗਤ"*

ਇਥੋਂ ਤੱਕ ਕਿ ਜਦ ਹਿੰਦੁਸਤਾਨ ਦਾ ਮੁਗ਼ਲ ਬਾਦਸ਼ਾਹ ਅਕਬਰ ਦਰਸ਼ਨਾਂ ਲਈ ਆਇਆ, ਉਸ ਨੂੰ ਭੀ ਆਮ ਸਿੱਖ ਵਾਂਗ ਪਹਿਲਾਂ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣਾ ਪਿਆ ।

ਸਦੀਆਂ ਤੋਂ ਚਲੀ ਆ ਰਹੀ ਇਸਤਰੀਆਂ ਦੇ ਪਰਦੇ ਦੀ ਰੀਤ ਸਮਾਪਤ ਕੀਤੀ । ਸਤੀ ਪ੍ਰਥਾ ਦਾ ਖਾਤਮਾ ਕਰਨ ਲਈ ਆਖਿਆ ।

*ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ॥*
*ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟਿ ਮਰੰਨਿ ॥*

(ਅੰਕ ੭੮੭)

ਵਿਧਵਾ ਇਸਤਰੀ ਨੂੰ ਦੁਬਾਰਾ ਵਿਆਹ ਕਰਨ ਦਾ ਅਧਿਕਾਰ ਦਿੱਤਾ ਅਤੇ ਆਪਣੇ ਹੁੰਦੇ, ਵਿਧਵਾ ਨਥੋ ਦਾ ਮੁਰਾਰੀ ਨਾਲ ਵਿਆਹ ਕੀਤਾ ।

ਆਪ ਬਾਣੀ ਰਚੀ, ਪਿਛਲੇ ਗੁਰੂ ਸਾਹਿਬ ਦੀ ਬਾਣੀ ਨੂੰ ਇਕੱਠਾ ਕਰ ਕੇ ਪੋਥੀਆਂ ਦਾ ਰੂਪ ਦਿੱਤਾ । ਸਿੱਖੀ ਦੇ ਪ੍ਰਚਾਰ ਲਈ ਸਾਰੇ ਦੇਸ਼ ਵਿਚ ਮੰਜੀਆਂ ਸਥਾਪਤ ਕੀਤੀਆਂ ਜਿਨ੍ਹਾਂ ਵਿਚ ਇਸਤਰੀਆਂ ਭੀ ਸਨ । ਨੱਬੇ ਸਾਲ ਦੀ

ਉਮਰ ਵਿਚ ਆਪ ਘੋੜੇ ਤੇ ਚੜ੍ਹਕੇ ਪੰਜਾਬ ਤੋਂ ਹਰਦੁਆਰ ਤੱਕ ਸਫਰ ਕਰਕੇ ਸਿੱਖੀ ਦਾ ਪਰਚਾਰ ਕੀਤਾ । ਅਖੀਰ, ਬਿਨਾਂ ਕਿਸੇ ਬਿਮਾਰੀ ਦੇ ਆਪਣੇ ਜਿਉਂਦੇ ਜੀਅ ਭਾਈ ਜੇਠਾ ਜੀ ਨੂੰ ਗੁਰੂ ਥਾਪ ਕੇ ਸਰੀਰ ਤਿਆਗ ਦਿੱਤਾ ਜੋ ਕੇ ਬਾਬਾ ਸੁੰਦਰ ਜੀ ਦੀ ਰਾਮਕਲੀ ਰਾਗ ਵਿਚ ਲਿਖੀ ਬਾਣੀ "ਸਦ" ਤੋਂ ਪ੍ਰਗਟ ਹੁੰਦਾ ਹੈ ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਹਿਲੇ ਗੁਰੂ ਸਾਹਿਬ ਦੀ ਚਲਾਈ ਸੰਗਤ ਅਤੇ ਪੰਗਤ ਦੀ ਰੀਤ ਕਾਇਮ ਰੱਖੀ। ਬਿਰਹਾ ਭਰਪੂਰ ਪਰਮੇਸ਼ਰ ਦੇ ਪਿਆਰ ਵਿਚ ਗੜੁਚ ਬਾਣੀ ਰਚੀ । ਆਪਣੇ ਕੋਲੋਂ ਸੱਤ ਸੌ ਅਕਬਰੀ ਰੁਪਿਆਂ ਨਾਲ ਜ਼ਮੀਨ ਖਰੀਦ ਕੇ ਸਿਖਾਂ ਨੂੰ ਕੇਂਦਰੀ ਅਸਥਾਨ ਬਖਸ਼ਣ ਲਈ ਗੁਰੂ ਚੱਕ ਕਾਇਮ ਕੀਤਾ ਜੋ ਪਿਛੋਂ ਚੱਕ ਰਾਮਦਾਸਪੁਰਾ ਅਤੇ ਹੁਣ ਅੰਮ੍ਰਿਤਸਰ (ਕਹਾਉਂਦਾ ਹੈ), ਸ਼ਹਿਰ ਵਸਾਇਆ । ਸਰੋਵਰ ਦੀ ਰਚਨਾ ਕੀਤੀ । ਸ਼ਹਿਰ ਦੇ ਵਿਕਾਸ ਲਈ ਵੱਖ ਵੱਖ ਕੰਮ ਕਰਨ ਵਾਲੇ ਬਵੰਜਾ ਕਿੱਤਿਆਂ ਦੇ ਲੋਕਾਂ ਨੂੰ ਵੱਸਣ ਲਈ ਮੁਫ਼ਤ ਜਗ੍ਹਾ ਦਿੱਤੀ ਅਤੇ ਲਾਹੌਰ ਤੁਲ ਦੂ ਸਰਾ ਵਪਾਰਕ ਕੇਂਦਰ ਬਣਾਇਆ ਜੋ ਅੱਜ ਸਾਰੇ ਸੰਸਾਰ ਵਿਚ ਮਸ਼ਹੂਰ ਹੈ । ਅੰਤ ਆਪਣੇ ਜਿਉਂਦੇ ਜੀਅ ਗੁਰੂ ਅਰਜਨ ਦੇਵ ਮਹਾਰਾਜ ਨੂੰ ਗੁਰਗੱਦੀ ਬਖਸ਼ ਕੇ ਜੋਤੀ ਜੋਤਿ ਸਮਾ ਗਏ ।

ਗੁਰੂ ਬਾਬੇ ਦੀ ਪੰਜਵੀਂ ਜੋਤ ਨੇ ਸਾਰੇ ਸੰਸਾਰ ਉੱਤੇ ਮਹਾਨ ਪਰਉਪਕਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ । ਤਕਰੀਬਨ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਅੱਧੀ ਰਚਨਾ ਆਪ ਨੇ ਕੀਤੀ । ਸਰੋਵਰ ਦੀ ਖੁਦਾਈ ਪੂਰੀ ਕੀਤੀ, ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸੂਫ਼ੀ ਫਕੀਰ ਸਾਈਂ ਮੀਆਂ ਮੀਰ ਤੋਂ ਰਖਵਾ ਕੇ ਸਾਰੇ ਸੰਸਾਰ ਨੂੰ ਚਕ੍ਰਿਤ ਕਰ ਦਿੱਤਾ ਅਤੇ ਹਰਿਮੰਦਰ ਸਾਹਿਬ ਦੀ ਰਚਨਾ ਪੂਰੀ ਕੀਤੀ ।

ਗੁਰਸਿਖਾਂ ਨਾਲ ਬੈਠ ਕੇ ਆਪ ਕੀਰਤਨ ਕੀਤਾ । ਕੀਰਤਨ ਲਈ "ਸਿਰੰਦਾ" ਸਾਜ਼ ਦੀ ਕਾਢ ਕੱਢੀ ।

ਤਰਨਤਾਰਨ ਦਾ ਸ਼ਹਿਰ ਵਸਾਇਆ, ਗੁਰਦੁਆਰਾ ਅਤੇ ਸਰੋਵਰ ਬਣਾਇਆ । ਇਥੇ ਹੀ ਕੋੜ੍ਹੀਆਂ ਲਈ ਹਸਪਤਾਲ ਬਣਵਾਇਆ । ਸ੍ਰੀ ਹਰਿ ਗੋਬਿੰਦ ਪੁਰਾ ਅਤੇ ਕਰਤਾਰਪੁਰ (ਜਲੰਧਰ) ਨਗਰ ਵਸਾਏ । ਖੂਹ ਲਗਵਾਏ ਜਿਨ੍ਹਾਂ ਵਿਚੋਂ ਅੰਮ੍ਰਿਤਸਰ ਦਾ ਛੇਹਰਟਾ ਜਿਸ ਤੇ ਇਕੋ ਵਾਰ ਛੇ ਮਾਲ੍ਹਾਂ ਚਲਦੀਆਂ ਸਨ ਮਸ਼ਹੂਰ ਹੈ ।

ਸੇਵਾ ਦੇ ਪੂਰਨੇ ਪਾ ਕੇ ਦੱਸਣ ਲਈ, ਪਿਪਲੀ ਸਾਹਿਬ (ਅੰਮ੍ਰਿਤਸਰ) ਦੇ ਅਸਥਾਨ ਤੇ ਬਾਹਰੋਂ ਆਈ ਸੰਗਤ ਦੀ ਸੇਵਾ ਆਪ ਹੱਥੀਂ ਕੀਤੀ । ਲੋੜ ਪੈਣ ਤੇ, ਜਦੋਂ ਲਾਹੌਰ ਸ਼ਹਿਰ ਵਿਚ ਮਹਾਂਮਾਰੀ ਫੈਲੀ ਆਪ ਜਾ ਕੇ ਲੰਗਰ ਲਾਏ, ਰੋਗੀਆਂ ਦੀ ਟਹਿਲ ਕੀਤੀ, ਰਬ ਨੂੰ ਪਿਆਰੇ ਹੋ ਚੁਕੇ ਵਿਅਕਤੀਆਂ ਦਾ ਅੰਤਿਮ ਸਸਕਾਰ ਕੀਤਾ ਅਤੇ ਹੋਰ ਲੋੜੀਂਦੀ ਸੇਵਾ ਕੀਤੀ । ਨਿਮਰਤਾ ਦੇ ਪੁੰਜ, ਬਾਣੀ ਦੇ ਰਚੈਤਾ, ਸੰਗੀਤਕਾਰ ਮਹਾਨ ਗੁਰੂ ਫਿਲਾਸਫਰ ਨਹੀਂ ਹੁੰਦਾ ਜੀ, ਸਰਬ ਸਾਂਝੀਵਾਲਤਾ ਦੇ ਸਿਰਮੌਰ, ਬ੍ਰਹਮ ਗਿਆਨੀ, ਤਿਆਗੀ, ਪਰਉਪਕਾਰੀ, ਅਟੁਟ, ਅਝੁਕ ਪੰਚਮ ਪਿਤਾ ਨੇ ਮੁਗ਼ਲਾਂ ਦੀ ਈਨ ਨ ਮੰਨਦੇ ਹੋਏ ਗੁਰਬਾਣੀ ਦੇ ਸਤਿਕਾਰ ਲਈ ਅਸਹਿ ਅਤੇ ਅਕਹਿ ਕਸ਼ਟ ਝੱਲਦੇ ਹੋਏ ਸ਼ਹੀਦੀ ਪਾ ਕੇ ਪਹਿਲੇ ਗੁਰੂ ਸਨ ਜਿਨ੍ਹਾਂ ਸ਼ਹੀਦੀ ਪਾਈ ।

"ਛਟਮ ਪੀਰ ਬੈਠਾ ਗੁਰ ਭਾਰੀ" ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੇ ਸੰਕਲਪ ਅਨੁਸਾਰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸਿੱਖਾਂ ਨੂੰ ਸੰਤ ਸਿਪਾਹੀ ਬਨਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਰਚਨਾ ਕੀਤੀ। ਲੋਹਗੜ੍ਹ ਦਾ ਕਿਲਾ ਸ੍ਰੀ ਅੰਮ੍ਰਿਤਸਰ ਵਿਖੇ ਬਣਾਇਆ। ਕੌਲਸਰ ਅਤੇ ਬਿਬੇਕਸਰ ਦੇ ਸਰਵੋਰ ਬਣਾਏ । ਮਾਝਾ, ਮਾਲਵਾ, ਦੁਆਬਾ, ਗੜ੍ਹਵਾਲ ਅਤੇ ਕਸ਼ਮੀਰ ਆਦਿ ਭਾਵ ਸਾਰੇ ਉੱਤਰੀ ਭਾਰਤ ਵਿਚ ਸਿੱਖੀ ਦਾ ਪ੍ਰਚਾਰ ਕੀਤਾ । ਬਵੰਜਾ ਕਲੀਆਂ ਵਾਲਾ ਚੋਲਾ ਪਹਿਨ ਕੇ ਬਵੰਜਾ ਹਿੰਦੂ ਰਾਜਪੂਤ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਕਰਾ ਕੇ ਬੰਦੀ ਛੋੜ ਸਤਿਗੁਰੂ ਬਣੇ । ਸਿੱਖਾਂ ਵਿਚ ਜੰਗੀ ਸਪਿਰਟ ਭਰਨ ਲਈ ਚਾਰ ਜੰਗਾ (1) ਪਿਪਲੀ ਸਾਹਿਬ ਅੰਮ੍ਰਿਤਸਰ (2) ਸ੍ਰੀ ਹਰਿਗੋਬਿੰਦਪੁਰਾ (3) ਮਹਿਰਾਜ (4) ਕਰਤਾਰਪੁਰ, ਜਿੱਤ ਕੇ ਜ਼ੁਲਮ ਦਾ ਨਾਸ਼ ਕੀਤਾ ਅਤੇ ਸਿੱਖਾਂ ਵਿਚ ਬੀਰ ਰਸ ਭਰਿਆ, ਜੰਗਲੀ ਸ਼ੇਰਾਂ ਦਾ ਸ਼ਿਕਾਰ ਕੀਤਾ। ਜਦ ਸਿੱਧਾਂ ਨੇ ਨਾਨਕ ਮਤੇ ਵਿਚ ਗੁਰੂ ਨਾਨਕ ਦੇਵ ਮਹਾਰਾਜ ਦੀਆਂ ਨਿਸ਼ਾਨੀਆਂ ਨਾਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਆਪ ਜਾ ਕੇ ਸਿੱਧਾਂ ਨੂੰ ਸੋਧਿਆ ।

ਸ੍ਰੀ ਹਰਿਗੋਬਿੰਦਪੁਰੇ ਦਾ ਵਿਸਥਾਰ ਕੀਤਾ, ਮੁਸਲਮਾਨਾਂ ਦੇ ਨਿਮਾਜ਼ ਪੜ੍ਹਨ ਲਈ ਮਸੀਤ ਬਣਾਈ ਜੋ ਅੱਜ ਭੀ ਗੁਰੂ ਕੀ ਮਸੀਤ ਦੇ ਨਾਂ ਤੋਂ ਜਾਣੀ ਜਾਂਦੀ ਹੈ । ਕੀਰਤਪੁਰ ਸਾਹਿਬ ਦਾ ਨਗਰ ਵਸਾਇਆ । ਗੁਰੂ ਸਾਹਿਬ ਕੋਲ ਬਾਈ ਸੌ ਘੋੜ ਸਵਾਰ ਫੌਜ ਹਮੇਸ਼ਾਂ ਤਿਆਰ ਰਹਿੰਦੀ ਸੀ । ਇਹ ਪਹਿਲੀ ਵਾਰ ਹੈ ਕਿ ਕਿਸੇ

ਗ਼ੈਰ-ਮੁਸਲਿਮ ਸੰਤ ਨੇ ਫੌਜ ਰੱਖੀ ਹੋਵੇ । ਅੰਤ ਆਪਣੇ ਜੀਉਂਦੇ ਜੀਅ ਗੁਰਗੱਦੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੂੰ ਦੇ ਕੇ ਪਰਲੋਕ ਪਯਾਨਾ ਕਰ ਗਏ ।

ਗੁਰੂ ਬਾਬੇ ਦੀ ਸਤਵੀਂ ਜੋਤਿ ਨੇ ਆਪਣੇ ਬਾਬਾ ਗੁਰੂ ਦੀ ਆਗਿਆ ਅਨੁਸਾਰ 22●● ਸਵਾਰਾਂ ਦੀ ਫੌਜ ਰੱਖੀ ਪਰ ਸਾਰੀ ਉਮਰ ਸ਼ਸ਼ਤਰ ਦੀ ਵਰਤੋਂ ਨਾ ਕੀਤੀ । ਕੋਮਲ ਹਿਰਦੇ ਦੇ ਮਾਲਿਕ ਨੇ ਸੁੰਦਰ ਬਾਗ ਲਗਾਏ ਅਤੇ ਜੰਗਲੀ ਜੀਵਾਂ ਲਈ ਰੱਖ ਬਣਾਈ । ਗੁਰੂ ਸਾਹਿਬ ਦੇ ਹੁਕਮ ਅਨੁਸਾਰ "ਨਹਿ ਮੁਗਲ ਕੋ ਦਰਸ਼ਨ ਦੇਹਿ ਹੈਂ" ਸਾਰੀ ਉਮਰ ਬਾਦਸ਼ਾਹ ਦੇ ਮੱਥੇ ਨਹੀਂ ਲੱਗੇ । ਗੁਰਬਾਣੀ ਦਾ ਸਤਿਕਾਰ ਕਾਇਮ ਰੱਖਣ ਲਈ, ਗੁਰਬਾਣੀ ਦਾ ਇੱਕ ਅੱਖਰ ਬਦਲਣ ਬਦਲੇ (ਮਿਟੀ ਮੁਸਲਮਾਨ ਦੇ ਥਾਂ ਮਿੱਟੀ ਬੇਈਮਾਨ) ਆਪਣੇ ਪੁੱਤਰ ਰਾਮ ਰਾਇ ਨੂੰ ਸਾਰੀ ਉਮਰ ਮੂੰਹ ਨਹੀਂ ਲਗਾਇਆ । ਅੰਤ ਵਿਚ ਜਿਉਂਦੇ ਜੀਅ ਆਪਣੇ ਛੋਟੇ ਸਪੁੱਤਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਤਾ ਬਖਸ਼ ਕੇ ਜੋਤੀ ਜੋਤਿ ਸਮਾਅ ਗਏ ।

ਬਾਬੇ ਦੀ ਅੱਠਵੀਂ ਜੋਤਿ ਨੇ ਸੰਸਾਰ ਨੂੰ ਦੱਸ ਦਿੱਤਾ ਕਿ ਸਰੀਰ ਗੁਰੂ ਨਹੀਂ ਇਸ ਲਈ ਕੇਵਲ ਪੰਜ ਸਾਲ ਦੀ ਉਮਰ ਵਿਚ ਗੁਰੂ ਬਣ ਕੇ ਵਿਦਵਾਨ, ਹੰਕਾਰੀ, ਲਾਲ ਚੰਦ ਬ੍ਰਾਹਮਣ ਦਾ ਹੰਕਾਰ ਤੋੜਨ ਲਈ ਅਨਪੜ੍ਹ ਗੂੰਗੇ ਛਜੂ ਨਾਮੀ ਝੀਵਰ ਦੇ ਸਿਰ ਤੇ ਛਟੀ ਰੱਖ ਕੇ ਅੰਬਾਲੇ ਦੇ ਪੰਜੋਖਰਾ ਸਾਹਿਬ ਦੇ ਅਸਥਾਨ ਤੇ ਗੀਤਾ ਦੇ ਅਰਥ ਕਰਾ ਕੇ ਸੰਸਾਰ ਨੂੰ ਚਕ੍ਰਿਤ ਕਰ ਦਿੱਤਾ । ਗੁਰੂ ਪਿਤਾ ਦਾ ਹੁਕਮ ਮੰਨ ਕੇ ਸਾਰੀ ਉਮਰ ਮੁਗ਼ਲ ਬਾਦਸ਼ਾਹ ਦੇ ਮੱਥੇ ਨਹੀਂ ਲੱਗੇ । ਦਿੱਲੀ ਪਹੁੰਚ ਕੇ ਵੀ, ਬਾਦਸ਼ਾਹ ਨੂੰ ਨ ਮਿਲਣ ਗਏ ਤੇ ਨ ਹੀ ਮਿਲਣ ਦੀ ਆਗਿਆ ਦਿੱਤੀ । ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ, ਗੋਲੀ ਦੇ ਭੇਸ ਵਿਚ ਬੈਠੀ ਪਟਰਾਣੀ ਦੇ ਸਿਰ ਤੇ ਸੋਟੀ ਰੱਖ ਕੇ ਭ੍ਰਮ ਦਾ ਨਾਸ਼ ਕੀਤਾ ਅਤੇ ਜਦ ਦਿੱਲੀ ਵਿਚ ਮਹਾਂਮਾਰੀ ਫ਼ੈਲੀ ਆਪਣੀ ਚਰਨ ਛੋਹ ਦਾ ਪਾਣੀ ਦੇ ਕੇ ਹਜ਼ਾਰਾਂ ਬੰਦਿਆਂ ਦਾ ਰੋਗ ਦੂਰ ਕੀਤਾ । ਅੰਤ ਕੇਵਲ 8 ਸਾਲ ਦੀ ਉਮਰ ਵਿਚ ਤਿੰਨ ਸਾਲ ਗੁਰਿਆਈ ਕਰਕੇ ਗੁਰਗੱਦੀ ਆਪਣੇ ਬਾਬਾ, ਗੁਰੂ ਤੇਗ ਬਹਾਦਰ ਸਾਹਿਬ ਨੂੰ ਬਖਸ਼ ਕੇ ਪਰਲੋਕ ਪਿਆਨਾ ਕਰ ਗਏ ।

ਗੁਰੂ ਤੇਗ ਬਹਾਦਰ ਸਾਹਿਬ ਨੇ ਭਾਈ ਮੱਖਣ ਸ਼ਾਹ ਲੁਬਾਣੇ ਦੀ ਸ਼ਰਧਾ ਪੂਰੀ ਕਰਕੇ ਮੰਜੀਆਂ ਲਾ ਕੇ ਬੈਠੇ ਪਾਖੰਡੀ ਗੁਰੂਆਂ ਦਾ ਪਰਦਾ ਫਾਸ਼ ਕਰ ਦਿੱਤਾ ।

ਕਲਾਹ-ਕਲੇਸ਼ ਖ਼ਤਮ ਕਰਨ ਲਈ ਸ਼ਾਂਤੀ ਪੁੰਜ ਗੁਰੂ ਜੀ ਨੇ ਪਹਿਲਾਂ ਕੀਰਤਪੁਰ ਵਾਸਾ ਕੀਤਾ, ਫਿਰ ਆਨੰਦਪੁਰ ਦਾ ਨਗਰ ਵਸਾ ਕੇ ਪੱਕਾ ਟਿਕਾਣਾ ਕੀਤਾ ।

ਮਾਝਾ, ਮਾਲਵਾ, ਬਾਂਗਰ ਵਿਚ ਸਿੱਖੀ ਪ੍ਰਚਾਰ ਕਰਨ ਉਪਰੰਤ ਧੁਰ ਪੂਰਬ ਬੰਗਾਲ ਅਤੇ ਆਸਾਮ ਤੱਕ ਸਿੱਖੀ ਦਾ ਪ੍ਰਚਾਰ ਕੀਤਾ । ਆਸਾਮ ਵਿਚ ਔਰੰਗਜ਼ੇਬ ਵੱਲੋਂ ਭੇਜੇ ਰਾਜਾ ਰਾਮ ਸਿੰਘ ਅਤੇ ਆਸਾਮ ਦੇ ਰਾਜੇ ਵਿਚਕਾਰ ਸੁਲਾਹ ਕਰਵਾ ਕੇ ਸ਼ਾਂਤੀ ਵਰਤਾਈ ।

ਪ੍ਰਚਾਰ ਦੌਰਿਆਂ ਵਿਚ ਅਨੇਕਾਂ ਖੂਹ ਲਗਵਾਏ, ਟੋਭੇ ਖੁਦਵਾਏ, ਜਗ੍ਹਾ ਜਗ੍ਹਾ ਸਿੱਖੀ ਪ੍ਰਚਾਰ ਦੇ ਕੇਂਦਰ ਸਥਾਪਿਤ ਕੀਤੇ । ਜਨ ਸਧਾਰਨ ਵਿਚ ਆਜ਼ਾਦੀ ਦੀ ਚੇਤਨਾ ਪੈਦਾ ਕੀਤੀ, ਵੈਰਾਗਮਈ ਬਾਣੀ ਰਚੀ । ਅੰਤ ਨਿਮਾਣਿਆਂ ਨਿਤਾਣਿਆਂ ਦੀ ਬਾਂਹ ਫੜ ਕੇ ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਸੁਣ ਕੇ, ਤਿਲਕ ਜੰਞੂ ਲਈ ਲਾਸਾਨੀ ਕੁਰਬਾਨੀ ਦਿੱਤੀ ਅਤੇ ਹਿੰਦ ਦੀ ਚਾਦਰ ਕਹਿਲਾਏ । ਸਾਰੇ ਸੰਸਾਰ ਵਿਚ ਇਹ ਇਕ ਲਾਸਾਨੀ ਕੁਰਬਾਨੀ ਹੈ ।

ਦਸਮੇਸ਼ ਪਿਤਾ, ਪਿਤਾ ਗੁਰੂ ਦੀ ਸ਼ਹਾਦਤ ਪਿਛੋਂ ਕੇਵਲ ਨੌ ਸਾਲ ਦੀ ਉਮਰ ਵਿਚ ਗੁਰਗੱਦੀ ਤੇ ਬਿਰਾਜਮਾਨ ਹੋਏ । ਬਚਪਨ ਵਿਚ ਵਿਦਿਆ ਵਿਚ ਪ੍ਰਬੀਨਤਾ ਹਾਸਲ ਕਰ ਕੇ ਸ਼ਸ਼ਤਰਧਾਰੀ ਬਣੇ, ਫੌਜ ਬਣਾਈ। ਅਨੰਦਪੁਰ ਦੀ ਹਿਫਾਜ਼ਤ ਲਈ ਪੰਜ ਕਿਲੇ ਬਣਾਏ । ਪਾਉਂਟਾ (ਸਾਹਿਬ) ਦਾ ਨਗਰ ਵਸਾਇਆ, 52 ਕਵੀ ਰੱਖੇ ਜਿਨ੍ਹਾਂ ਕੋਲੋਂ ਸਨਾਤਨ ਧਰਮ ਦੇ ਗ੍ਰੰਥਾਂ ਦਾ ਉਲਥਾ ਕਰਵਾਇਆ, ਬੀਰ ਰਸ ਪ੍ਰਧਾਨ, ਗਿਆਨ ਵੈਰਾਗ ਅਤੇ ਭਗਤੀ ਦ੍ਰਿੜ ਕਰਾਉਣ ਵਾਲੀ ਬਾਣੀ ਰਚੀ ਜੋ ਦਸਮ ਗ੍ਰੰਥ ਵਿਚ ਦਰਜ ਹੈ ।

ਗੁਰ ਦੀਖਿਆ ਦੇਣ ਦਾ ਨਿਰਾਲਾ ਢੰਗ, ਖੰਡੇ ਬਾਟੇ ਦੇ ਪਾਹੁਲ ਦੀ ਰੀਤ ਚਾਲੂ ਕੀਤੀ । ਖਾਲਸੇ ਨੂੰ ਨਵੀਂ ਪਹਿਚਾਣ ਬਖਸ਼ੀ, ਛੂਤ ਛਾਤ ਦਾ ਖ਼ਾਤਮਾ ਕਰ ਕੇ ਇਸਤ੍ਰੀ ਮਰਦ ਲਈ ਸਭ ਲਈ ਇਕੋ ਖੰਡੇ ਬਾਟੇ ਦਾ ਪਾਹੁਲ, ਇਕੋ ਰਹਿਤ, ਇਕੋ ਨਿਤਨੇਮ ਦਿੱਤਾ । ਸਿੱਖ ਮਰਦ ਲਈ ਨਾਮ ਨਾਲ ਸਿੰਘ ਅਤੇ ਇਸਤਰੀ ਦੇ ਨਾਮ ਨਾਲ ਕੌਰ ਲਗਾਇਆ । ਫਿਰ ਅੰਮ੍ਰਿਤਪਾਨ ਕਰ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਕੇ "ਆਪੇ ਗੁਰ ਚੇਲਾ" ਦੀ ਸਾਰੇ ਸੰਸਾਰ ਵਿਚ ਅਨੋਖੀ ਮਿਸਾਲ ਕਾਇਮ ਕੀਤੀ ।

ਸਿੱਖਾਂ ਵਿੱਚ ਨਵੀਂ ਰੂਹ ਫੂਕੀ, ਚਿੜੀਆਂ ਤੋਂ ਬਾਜ਼ ਤੁੜਾਏ, ਗਿਦੜਾਂ ਤੋਂ ਸ਼ੇਰ ਬਣਾਏ । ਗਰੀਬ ਜਟਾਂ, ਤ੍ਰਖਾਣਾਂ, ਝਿਉਰਾਂ, ਨਾਈਆਂ, ਛੀਬਿਆਂ, ਕਲਾਲ੍ਹਾਂ ਆਦਿ ਨੂੰ ਸਰਦਾਰੀਆਂ ਤੇ ਪਾਤਸ਼ਾਹੀਆਂ ਬਖਸ਼ੀਆਂ ।

***ਜਿਨ ਕੀ ਜਾਤਿ ਪਾਤ ਕਿਛ ਨਾਹੀ ।***
***ਸਰਦਾਰੀ ਨਹਿ ਭਈ ਕਿਦਾਹੀ ।।***
***ਤਿੰਨ ਹੀ ਕੋ ਮੈ ਰਾਜ ਕਰਾਈ ।***
***ਯਹ ਯਾਦ ਕਰੈਂ ਹਮਰੀ ਗੁਰਿਆਈ ।। (ਪੰ. ਪ੍ਰ. ਭੰਗੂ ਜੀ)***

ਰਾਣਾ ਬਿਭੌਰ, ਪੰਡਿਤ ਸ਼ਿਵ ਦੱਤ, ਭੀਖਣ ਸ਼ਾਹ, ਪੀਰ ਬੁਧੂ ਸ਼ਾਹ ਵਰਗੇ ਸੂਫ਼ੀ ਸੰਤਾਂ ਫ਼ਕੀਰਾਂ ਨੂੰ ਬ੍ਰਹਮ ਗਿਆਨ ਬਖਸ਼ਿਆ । ਦਿੱਲੀ ਤੋਂ ਪਾਨ ਦਾ ਬੀੜਾ ਅਤੇ ਤਲਵਾਰ ਚੁੱਕ ਕੇ ਗੁਰੂ ਨੂੰ ਜਿਉਂਦਾ ਜਾਂ ਮੁਰਦਾ ਪੇਸ਼ ਕਰਨ ਦੀ ਕਸਮ ਖਾ ਕੇ ਆਨੰਦਪੁਰ ਤੇ ਚੜ੍ਹਾਈ ਕਰਨ ਵਾਲੇ ਸੈਦ ਬੇਗ਼ ਨੂੰ ਜੀਵਨ ਦਾਨ ਬਖਸ਼ਿਆ । ਅੱਜ ਤੋਂ ਸਵਾ ਤਿੰਨ ਸੌ ਸਾਲ ਪਹਿਲਾਂ ਭਾਈ ਕਨ੍ਹਈਏ ਰਾਹੀਂ ਰੈਡ ਕਰਾਸ ਦਾ ਬੀਜ ਰੂਪ ਸੰਕਲਪ ਸੰਸਾਰ ਸਾਹਮਣੇ ਰੱਖਿਆ ।

ਬਗ਼ੈਰ ਕਿਸੇ ਰਾਜ ਪਾਟ ਦੇ ਹੁੰਦਿਆਂ ਏਸ਼ੀਆ ਦੀ ਸਭ ਤੋਂ ਵੱਡੀ ਮੁਗ਼ਲ ਹਕੂਮਤ ਦੇ ਜ਼ੁਲਮ ਦੇ ਬਰਖ਼ਿਲਾਫ਼ ਝੰਡਾ ਬੁਲੰਦ ਕੀਤਾ । ਛੋਟੀਆਂ ਮੋਟੀਆਂ ਕੁਲ 14 ਲੜਾਈਆਂ ਲੜੀਆਂ, ਜਿਨ੍ਹਾਂ ਵਿਚੋਂ ਤੇਰ੍ਹਾਂ ਵਿਚ ਮੁਕੰਮਲ ਜਿੱਤ ਪ੍ਰਾਪਤ ਕੀਤੀ ਪਰ ਕਿਸੇ ਦੀ ਇੱਕ ਇੰਚ ਧਰਤੀ ਨਹੀਂ ਦੱਬੀ, ਕੋਈ ਕੈਦੀ ਨਹੀਂ ਬਣਾਇਆ, ਬਲਕਿ ਰਾਜਸਥਾਨ ਵਿਚ ਬਘੌਰ ਦੇ ਰਾਜਪੂਤ ਰਾਜੇ ਨੂੰ ਹਰਾ ਕੇ ਬੰਦੀ ਬਣਾ ਕੇ ਭੀ ਰਾਜ ਭਾਗ ਵਾਪਿਸ ਕਰ ਦਿੱਤਾ । ਚਮਕੌਰ ਦੀ ਲੜਾਈ ਵਿਚ ਚਾਲੀ ਸਿੱਖਾਂ ਨਾਲ ਦਸ ਲੱਖ ਫੌਜਾਂ ਨਾਲ ਟਾਕਰਾ ਕਰਕੇ ਸੰਸਾਰ ਵਿਚ ਕੀਰਤੀਮਾਨ ਬਣਾਇਆ ।

ਦੀਨ ਮਜ਼ਲੂਮ ਦੀ ਰਖਿਆ ਲਈ ਚਾਰ ਪੁੱਤਰ, ਪਿਤਾ, ਮਾਤਾ, ਪੰਜ ਭੂਆ ਦੇ ਪੁੱਤਰ ਵਾਰ ਕੇ ਕਰਤਾਰ ਦਾ ਸ਼ੁਕਰ ਕੀਤਾ । ਖਾਲਸੇ ਵਿਚ ਉਹ ਜਜ਼ਬਾ ਭਰਿਆ ਕਿ ਵੱਡੇ ਤੋਂ ਵੱਡਾ ਬੰਦਾ, ਇਥੋਂ ਤੱਕ ਜੇ ਗੁਰੂ ਭੀ ਸਿਧਾਂਤ ਦੇ ਉਲਟ ਕੰਮ ਕਰੇ ਤਾਂ ਘੋੜੇ ਦੀ ਵਾਗ ਫੜ ਲੈਣ । ਅੰਤ ਵਿਚ ਧਾਰਮਕ ਅਗਵਾਈ ਲਈ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਕੇ ਦੁਨਿਆਵੀ ਸਾਹਿਬੀ ਪੰਥ ਨੂੰ ਬਖਸ਼ ਕੇ ਕਰਤਾਰ ਵਿਚ ਅਭੇਦ ਹੋ ਗਏ ।

ਇਸ ਪਿਛੋਂ ਗੁਰੂ ਗ੍ਰੰਥ ਦੀ ਤਾਬਿਆ ਰਹਿ ਕੇ ਗੁਰੂ ਖਾਲਸੇ ਨੇ ਤਕਰੀਬਨ ਨੱਬੇ ਸਾਲ ਪੂਰੀਆਂ ਚਾਰ ਪੁਸ਼ਤਾਂ, ਸਿਰਾਂ ਦੇ ਮੁੱਲ ਪੁਆ ਕੇ, ਬੰਦ ਬੰਦ ਕਟਵਾ ਕੇ, ਖੋਪਰੀਆਂ ਉਤਰਵਾ ਕੇ, ਨਸਲਕੁਸ਼ੀ ਵਾਲੇ ਛੋਟਾ ਅਤੇ ਵੱਡਾ ਘੱਲੂਘਾਰਾ ਸਿਰ ਤੇ ਝੱਲ ਕੇ, ਮਾਈਆਂ ਬੀਬੀਆਂ ਦੇ ਮਾਸੂਮ ਬੱਚਿਆਂ ਨੂੰ ਨੇਜ਼ਿਆਂ ਤੇ ਟੰਗਵਾ ਕੇ, ਬੱਚਿਆਂ ਦੇ ਟੋਟਿਆਂ ਦੇ ਗਲ੍ਹਾਂ ਵਿਚ ਹਾਰ ਪੁਆ ਕੇ ਦੇਸ਼ ਆਜ਼ਾਦ ਕਰਵਾਇਆ। ਆਚਰਨ ਦੀ ਉਹ ਮਿਸਾਲ ਕਾਇਮ ਕੀਤੀ ਕਿ ਕਾਜ਼ੀ ਨੂਰ ਮੁਹੰਮਦ ਵਰਗੇ ਇਤਿਹਾਸਕਾਰ ਭੀ ਪ੍ਰਸੰਸਾ ਕਰਨੋ ਨਹੀਂ ਰਹਿ ਸੱਕੇ ।

ਅੰਗ੍ਰੇਜ਼ੀ ਰਾਜ ਵੇਲੇ ਕਲਗੀਧਰ ਦੇ ਸਿੰਘਾਂ ਨੇ ਫਾਂਸੀ ਦੇ ਰੱਸੇ ਚੁੰਮੇ, ਕਾਲੇ ਪਾਣੀ ਦੀਆਂ ਜੇਲ੍ਹਾਂ ਵਿਚ ਕੋਹਲੂ ਪੀੜੇ, ਵਾਣ ਵੱਟਿਆ ਅਤੇ ਹੋਰ ਵਗਾਰਾਂ ਸਹਿ ਕੇ ਦੇਸ਼ ਦੀ ਆਜ਼ਾਦੀ ਲਈ ਜੋ ਕੁਰਬਾਨੀ ਕੀਤੀ ਸਾਰੇ ਦੇਸ਼ ਲਈ ਇਕ ਮਿਸਾਲ ਹੈ । ਫਿਰ ਹਰੇ ਇਨਕਲਾਬ ਨਾਲ ਠੂਠਾ ਲੈ ਕੇ ਅੰਨ ਮੰਗਣ ਵਾਲੇ ਦੇਸ਼ ਨੂੰ ਅੰਨ ਨਾਲ ਮਾਲਾ ਮਾਲ ਕਰ ਦਿੱਤਾ ।

ਇਸ ਸਾਰੀ ਵਿਥਿਆ ਉਪ੍ਰੰਤ ਅਸੀਂ ਹੁਣ ਆਪੂੰ ਬਣੇ ਗਿਆਰਵੇਂ ਬਾਰ੍ਹਵੇਂ ਤੇਰਵ੍ਹੇ ਜਾਂ ਚੌਧਵ੍ਹੇਂ ਗੁਰੂਆਂ ਦੀ ਗੱਲ ਕਰਦੇ ਹਾਂ ।

# ਚੌਧਵਾਂ ਗੁਰੂ

## ਨਾਮਧਾਰੀ

ਦਸ਼ਮੇਸ਼ ਪਿਤਾ ਦੇ ਜੋਤੀ ਜੋਤ ਸਮਾਉਣ ਤੋਂ ਮਿਸਲਾਂ ਕਾਇਮ ਹੋਣ ਤੱਕ ਤਕਰੀਬਨ ਇਕ ਸਦੀ ਜਾਂ ਚਾਰ-ਪੰਜ ਪੁਸ਼ਤਾਂ, ਖਾਲਸਾ ਪੰਥ ਨੇ ਅਸਹਿ ਅਤੇ ਅਕਹਿ ਕਸ਼ਟ ਸਹਾਰ ਕੇ ਸਰਦਾਰੀਆਂ ਅਤੇ ਬਾਦਸ਼ਾਹੀਆਂ ਹਾਸਲ ਕਰ ਲਿੱਤੀਆਂ । ਆਮ ਕਹਾਵਤ ਹੈ "ਤਪੋਂ ਰਾਜ ਰਾਜੋਂ ਨਰਕ" ਸੋ ਬਹੁਤ ਸਾਰੇ ਸਿੱਖ ਸਰਦਾਰ ਅਤੇ ਮਿਸਲਦਾਰ ਮਾਇਆ ਦੀ ਝਾਲ ਨ ਝੱਲ ਸਕੇ ਅਤੇ ਇੰਦ੍ਰੀਆਂ ਦੇ ਰਸਾਂ ਦੇ ਗ਼ੁਲਾਮ ਬਣ ਗਏ ।

ਤੱਤ ਖਾਲਸੇ ਦੇ ਸੰਘਰਸ਼ ਮਈ ਜੀਵਨ ਕਾਰਨ, ਗੁਰੂ ਧਾਮਾਂ ਅਤੇ ਧਰਮਸ਼ਾਲਾਂ ਦਾ ਪ੍ਰਬੰਧ ਉਦਾਸੀ ਅਤੇ ਨਿਰਮਲਿਆਂ ਦੇ ਅਧੀਨ ਹੋ ਗਿਆ, ਜਿਨ੍ਹਾਂ ਦੀ ਰਹਿਣੀ ਬਹਿਣੀ ਅਤੇ ਕਾਰ-ਵਿਹਾਰ ਬਹੁਤਾ ਬ੍ਰਾਹਮਣੀ ਰੰਗ ਦਾ ਸੀ । ਗੁਰਮਤਿ ਦਾ ਤੱਤ ਸੰਦੇਸ਼ ਜਨ ਸਧਾਰਣ ਤੱਕ ਨ ਪਹੁੰਚ ਸਕਿਆ ਅਤੇ ਆਮ ਸਿੱਖ ਸੰਗਤ ਮਨ ਮਤੀਆਂ ਦੇ ਰੰਗ ਵਿਚ ਰੰਗੀ ਗਈ ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜੋ ਚਾਲੀ ਪੰਜਾਹ ਸਾਲ ਖਾਲਸੇ ਲਈ ਸੁਖ ਦਾ ਸਾਹ ਮਿਲਿਆ ਭਾਈ ਮਨੀ ਸਿੰਘ ਜੀ ਦੀ ਅੰਮ੍ਰਿਤਸਰ ਸਾਹਿਬ ਚਲਾਈ ਗਿਆਨੀਆਂ ਦੀ ਟਕਸਾਲ, ਬਾਬਾ ਦੀਪ ਸਿੰਘ ਤੋਂ ਵਰੋਸਾਈ ਦਮਦਮੀ ਟਕਸਾਲ ਅਤੇ ਕੁਝ ਹੋਰ ਨਾਮ ਰਸੀਏ ਗੁਰਮੁਖ ਜਨਾਂ ਨੇ ਸਿੱਖੀ ਸਿਧਾਂਤ ਦੇ ਪ੍ਰਚਾਰ ਦਾ ਬੀੜਾ ਚੁਕਿਆ ਜਿਨ੍ਹਾਂ ਵਿਚੋਂ ਪ੍ਰਮੁਖ ਬਾਬਾ ਵੀਰ ਸਿੰਘ ਜੀ ਨੌਰੰਗਾਬਾਦ ਤੋਂ ਅਗੇ ਬਾਬਾ ਕਰਮ ਸਿੰਘ ਹੋਤੀ ਮਰਦਾਨ, ਰਾਵਲ ਪਿੰਡੀ ਵਿਚ ਬਾਬਾ ਦਿਆਲ ਜੀ ਤੋਂ ਨਿਰੰਕਾਰੀ ਸੰਪ੍ਰਦਾ, ਅਨੰਦਪੁਰ ਵਿਚ ਬਾਬਾ ਨੈਣਾ ਸਿੰਘ ਤੋਂ ਅਕਾਲੀ ਫੂਲਾ ਸਿੰਘ, ਜੰਮੂ ਵਿਚ ਮਹੰਤ ਬਾਬਾ ਜੁਝਾਰ ਸਿੰਘ, ਮਾਲਵੇ ਵਿਚ ਸੰਤ ਗੁੱਦੜ ਸਿੰਘ ਜੀ ਅਤੇ ਨਿਰਮਲੇ ਸੰਤ ਲਹਿੰਦੇ ਵੱਲ ਅੱਡਣ ਸ਼ਾਹੀ ਸੰਤਾਂ ਅਤੇ ਪੋਠੋਹਾਰ ਵਿਚ ਸਾਂਈ ਸਾਹਿਬ ਭਗਤ ਜਵਾਹਰ ਮੱਲ ਜੀ ਤੋਂ ਵਰੋਸਾਏ ਬਾਬਾ ਬਾਲਕ ਸਿੰਘ ਜੀ ਮਸ਼ਹੂਰ ਹੋਏ ਹਨ ।

ਬਾਬਾ ਬਾਲਕ ਸਿੰਘ ਹਜ਼ਰੋ ਜੀ ਦੀ ਸੰਗਤ ਤੋਂ ਪ੍ਰਭਾਵਤ ਹੋ ਕੇ ਬਾਬਾ ਰਾਮ ਸਿੰਘ ਜੀ ਨੇ ਇਨ੍ਹਾਂ ਤੋਂ ਖੰਡੇ ਦੀ ਪਾਹੁਲ ਲੈ ਕੇ ਵਾਹਿਗੁਰੂ ਮੰਤ੍ਰ ਦੀ ਕਮਾਈ ਕਰਨ ਨਾਲ ਉਨ੍ਹਾਂ ਤੇ ਨਾਮ ਦਾ ਰੰਗ ਚੜ੍ਹਿਆ ਅਤੇ ਸਿੱਖੀ ਪਰਚਾਰ ਲਈ ਕਮਰ ਕਸਾ ਕਰ ਲਿੱਤਾ ।

ਬਾਬਾ ਰਾਮ ਸਿੰਘ ਜੀ ਦਾ ਜਨਮ 3 ਫਰਵਰੀ 1816 ਨੂੰ ਪਿਤਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਤੋਂ ਲੁਧਿਆਣੇ ਜ਼ਿਲੇ ਪਿੰਡ ਭੈਣੀ ਰਾਈਆਂ ਵਿਚ ਹੋਇਆ । ਪਹਿਲਾਂ ਆਪ ਪਿਤਾ ਪੁਰਖੀ ਤਰਖਾਣਾਂ ਅਤੇ ਰਾਜਗੀਰੀ ਦਾ ਕੰਮ ਕਰਦੇ ਸਨ । 21 ਸਾਲ ਦੀ ਉਮਰ ਵਿਚ ਆਪਣੇ ਭਣੌਈਏ ਸ. ਕਾਬਲ ਸਿੰਘ ਰਾਹੀਂ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਨ, ਕੰਵਰ ਨੌਨਿਹਾਲ ਦੇ ਤੋਪਖਾਨੀ ਡੇਰੇ ਵਿਚ ਘੋੜ ਸਵਾਰ ਭਰਤੀ ਹੋ ਗਏ ।

ਆਪ ਦੀ ਪਲਟਣ ਨੂੰ ਸੰਮਤ 1898 ਸੰਨ 1821 ਵਿਚ ਹਜ਼ਰੋ ਜਾਣਾ ਪਿਆ । ਉੱਥੇ ਬਾਬਾ ਬਾਲਕ ਸਿੰਘ ਤੋਂ ਖੰਡੇ ਦਾ ਪਾਹੁਲ  ਲੈ ਕੇ ਵਾਹਿਗੁਰੂ ਮੰਤ੍ਰ ਪ੍ਰਾਪਤ ਕੀਤਾ ਅਤੇ ਨਾਮ ਦਾ ਰੰਗ ਚੜ੍ਹਿਆ ।

ਫਿਰ ਪਤਾ ਚਲਦਾ ਹੈ  ਕਿ  ਸਿੰਘਾਂ  ਤੇ ਫਰੰਗੀਆਂ ਦੀ ਪਹਿਲੀ ਜੰਗ ਵੇਲੇ ਮੁੱਦਕੀ ਦੀ ਲੜਾਈ ਪਿਛੋਂ ਬਗ਼ੈਰ ਕਿਸੇ ਨੂੰ ਦੱਸੇ ਆਪਣੇ ਪਿੰਡ ਭੈਣੀ ਆ ਗਏ । ਇੱਥੇ ਇਨ੍ਹਾਂ ਨੇ ਰੁਜ਼ਗਾਰ ਲਈ ਲੋਹੇ ਤੇ ਪ੍ਰਚੂਨ ਦੀ ਦੁਕਾਨ ਕਰ ਲਈ । ਨਾਲ ਹੀ ਗੁਰਮੰਤ੍ਰ ਦੀ ਕਮਾਈ ਭੀ ਚੜ੍ਹਦੀ ਕਲਾ ਵਿਚ ਕੀਤੀ ਅਤੇ ਅੱਗੋਂ ਸਿੱਖੀ ਦਾ ਪ੍ਰਚਾਰ ਕਰਨ ਲੱਗ ਪਏ ।

ਜਿੱਥੇ ਇਕ ਪਾਸੇ ਆਮ ਸਿੱਖ  ਅਨਮੱਤੀਆਂ ਦੇ ਪ੍ਰਭਾਵ ਹੇਠ ਸਨਾਤਨ ਧਰਮ ਵੱਲ ਉਲਾਰੂ ਹੋ ਗਏ ਸਨ ਦੂਸਰੇ ਪਾਸੇ ਸੋਢੀ, ਬੇਦੀ, ਅਤੇ ਹੋਰ ਕਈ ਮਹੰਤ ਗੁਰੂ ਬਣ ਬੈਠੇ ਸਨ, ਉਸ ਨੂੰ ਠੱਲ੍ਹ ਪਾਉਣ ਲਈ ਬਾਬਾ ਰਾਮ ਸਿੰਘ ਜੀ ਨੇ ਐਲਾਨ ਕੀਤਾ । (ਗੁਰੂ) ਗੋਬਿੰਦ ਸਿੰਘ ਦਾ ਆਦਿ ਸ੍ਰੀ ਗੁਰੂ ਗ੍ਰੰਥ ਹੀ ਕੇਵਲ ਸਤਿ ਹੈ ਜੋ ਧੁਰ ਕੀ ਬਾਣੀ ਹੈ ਅਤੇ ਕੇਵਲ ਇਹ ਹੀ ਪਵਿੱਤ੍ਰ ਬਾਣੀ ਸਭ ਤੋਂ ਉੱਚੀ ਹੈ, ਕੇਵਲ ਗੁਰੂ ਗੋਬਿੰਦ ਸਿੰਘ ਹੀ ਗੁਰੂ ਹੈ, ਹਰ ਪ੍ਰਾਣੀ ਬਿਨਾ ਜ਼ਾਤ, ਬਰਨ ਦੇ ਲਿਹਾਜ਼ ਦੇ ਸਿੱਖੀ ਵਿਚ ਸ਼ਾਮਲ ਹੋ ਸਕਦਾ ਹੈ । ਸੋਢੀ, ਬੇਦੀ, ਮਹੰਤ, ਬ੍ਰਾਹਮਣ ਅਤੇ ਇਹੋ ਜਿਹੇ ਹੋਰ ਦੂਸਰੇ ਸਭ ਪਾਖੰਡੀ ਹਨ, ਕਿਉਂਕਿ ਗੁਰੂ ਗੋਬਿੰਦ ਸਿੰਘ ਤੋਂ ਮਗਰੋਂ ਸ੍ਰੀ

ਗੁਰੂ ਗ੍ਰੰਥ ਸਾਹਿਬ ਤੋਂ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਹੈ । ਦੇਵੀ ਦੁਆਰੇ, ਸ਼ਿਵ ਦੁਆਰੇ ਤੇ ਮੰਦਰ ਲੁੱਟ ਦੇ ਸਾਧਨ ਹਨ, ਜਿਨ੍ਹਾਂ ਦੀ ਮਾਨਤਾ ਤੇ ਯਾਤ੍ਰਾ ਘਿਰਣਾ ਯੋਗ ਹੈ, ਬੁਤ ਅਤੇ ਬੁਤ ਪੂਜਾ ਪਰਮਾਤਮਾ ਦੀ ਨਿਰਾਦਰੀ ਹੈ ਜੋ ਖਿਮਾ ਨਹੀਂ ਕੀਤੀ ਜਾਏਗੀ । ਨਵੇਂ ਸਜੇ ਸਿੱਖਾਂ ਨੂੰ ਗੋਬਿੰਦ ਸਿੰਘ ਦੇ ਗ੍ਰੰਥ ਪੜ੍ਹਨ ਦੀ ਹੀ ਆਗਿਆ ਹੈ । ਹੋਰ ਕਿਸੇ ਗ੍ਰੰਥ ਦੀ ਨਹੀਂ ।

(ਕੂਕਿਆਂ ਸਬੰਧੀ ਲਿਖਤ ਜੋ 1872 ਵਿਚ ਮਿ. ਕਿਨਚੈਂਟ ਨੇ ਰਿਪੋਰਟ ਅੰਗ੍ਰੇਜ਼ ਸਰਕਾਰ ਨੂੰ ਦਿੱਤੀ ।)

ਬਾਬਾ ਰਾਮ ਸਿੰਘ ਜੀ ਦੀਆਂ ਲਿਖਤਾਂ ਤੋਂ ਸਾਫ ਪਤਾ ਚਲਦਾ ਹੈ ਕਿ ਉਹ ਮਾਸ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਸਖ਼ਤ ਵਿਰੋਧੀ ਸਨ । ਇਸਤ੍ਰੀ ਨੂੰ ਪਰਦਾ ਰਹਿਤ ਹੋਕੇ ਮਰਦਾਂ ਵਾਂਗ ਇਕੋ ਰਹਿਤ ਦੇ ਪ੍ਰਚਾਰਕ ਸਨ । ਵਿਧਵਾ ਵਿਆਹ ਅਤੇ ਸਾਦਾ ਵਿਆਹ ਤੇ ਬਹੁਤ ਜ਼ੋਰ ਦਿੰਦੇ ਸਨ । ਲੜਕੀਆਂ ਨੂੰ ਮਾਰਨ, ਵੇਚਣ ਅਤੇ ਵੱਟੇ ਦੇ ਸਾਕ ਦੇ ਵਿਰੋਧੀ ਸਨ । ਉਨ੍ਹਾਂ ਦਾ ਆਪਣਾ ਆਚਰਨ ਬਹੁਤ ਸੁੱਚਾ ਸੀ ਅਤੇ ਸਭ ਨੂੰ ਇਸ ਦਾ ਧਾਰਨੀ ਹੋਣ ਲਈ ਕਹਿੰਦੇ ਸਨ । ਸਾਦਾ ਚਿੱਟੇ ਬਸਤਰ, ਸਿੱਧੀ ਪੱਗ ਅਤੇ ਉੱਨ ਦੀ ਮਾਲਾ ਆਪ ਰਖਦੇ ਸਨ ਅਤੇ ਇਹੀ ਇਨ੍ਹਾਂ ਦੀ ਸੰਗਤ ਦੀ ਪਹਿਚਾਨ ਸੀ ।

ਆਪਣੀ ਸੰਗਤ ਨੂੰ ਖੰਡੇ ਦੀ ਪਾਹੁਲ ਦੇਣ ਪਿਛੋਂ ਕੰਨ ਵਿਚ ਵਾਹਿਗੁਰੂ ਮੰਤ੍ਰ ਦਿੰਦੇ ਸਨ, ਸਭ ਨੂੰ ਹਥਿਆਰ ਬੰਦ ਹੋਣ ਲਈ ਕਹਿੰਦੇ ਸਨ । ਹਿੰਦੂ ਗ੍ਰੰਥਾਂ ਦੇ ਕੱਟੜ ਵਿਰੋਧੀ ਹੋਣ ਦੇ ਬਾਵਜੂਦ ਇਹ ਹਵਨ ਕਰਦੇ ਸਨ । ਆਨੰਦ ਕਾਰਜ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਜਾਏ ਬੇਦੀ ਦੇ ਫੇਰੇ ਕਰਾਂਦੇ ਸਨ । ਗਊ ਦੀ ਰੱਖਿਆ ਲਈ ਇਹ ਹਿੰਦੂਆਂ ਤੋਂ ਭੀ ਵੱਧ ਕੱਟੜ ਸਨ ।

ਇਨ੍ਹਾਂ ਦੀ ਸੰਗਤ ਨਾਮ ਜਪਦਿਆਂ ਮਸਤਾਨਾ ਹੋ ਕੇ ਕੂਕਾਂ ਮਾਰਨ ਲੱਗ ਜਾਂਦੇ ਸੀ । ਕਈ ਵਾਰ ਨਚਦੇ ਟਪਦਿਆਂ ਦੀਆਂ ਪੱਗਾਂ ਭੀ ਲਹਿ ਜਾਂਦੀਆਂ ਅਤੇ ਵਾਲ ਖਿਲਰ ਜਾਂਦੇ ਜਿਨ੍ਹਾਂ ਨੂੰ ਇਹ ਮਸਤਾਨੇ ਆਖਦੇ ਸੀ । ਕੂਕਾਂ ਮਾਰਨ ਕਰਕੇ ਹੀ ਇਨ੍ਹਾਂ ਦਾ ਨਾਉਂ ਕੂਕੇ ਪੈ ਗਿਆ ।

ਬਾਬਾ ਰਾਮ ਸਿੰਘ ਜੀ ਦੇ ਸੱਚੇ ਸੁੱਚੇ ਆਦਰਸ਼ ਅਤੇ ਸਿੱਖੀ ਪਰਚਾਰ ਦਾ ਸਦਕਾ ਪਤਿਤ ਹੋਈ ਸਿੱਖੀ ਇਕ ਵਾਰ ਫਿਰ ਸੁਰਜੀਤ ਹੋ ਗਈ ਅਤੇ ਨਾਮ

ਬਾਣੀ ਦਾ ਪ੍ਰਵਾਹ ਚੱਲ ਪਿਆ । ਇਨ੍ਹਾਂ ਦੇ ਸ਼ਰਧਾਲੂਆਂ ਦੀ ਸੰਖਿਆ ਦਿਨੋ ਦਿਨ ਵਧਦੀ ਗਈ। ਵਿਚ ਵਿਚ ਆਪ ਨੂੰ ਕਈ ਸ਼ਰਧਾਲੂ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਕਹਿਣ ਲੱਗ ਪਏ । ਇਹ ਇਕ ਆਮ ਜਿਹੀ ਗੱਲ ਹੈ ਜਿਸ ਤਰ੍ਹਾਂ ਅੱਜ ਭੀ ਕਈ ਸੰਤਾਂ ਲਈ ਉਨ੍ਹਾਂ ਦੇ ਸੇਵਕ ਆਖਦੇ ਹਨ । ਪਰ ਜਿਸ ਤਰ੍ਹਾਂ ਬਾਬਾ ਰਾਮ ਸਿੰਘ ਜੀ ਨੇ ਸੋਢੀਆਂ ਬੇਦੀਆਂ ਦੇ ਬਰਖ਼ਿਲਾਫ ਖੁੱਲ੍ਹ ਕੇ ਪ੍ਰਚਾਰ ਕੀਤਾ, ਇਸ ਤਰ੍ਹਾਂ ਆਪਣੇ ਸੇਵਕਾਂ ਨੂੰ ਸਖਤੀ ਨਾਲ ਨਹੀਂ ਰੋਕਿਆ। ਪਰ ਜਦ ਅਖ਼ੀਰਲੇ ਸਮੇਂ ਜੋ ਚਿੱਠੀਆਂ ਰੰਗੂਨ ਦੀ ਜੇਲ੍ਹ ਵਿਚੋਂ ਉਹ ਆਪਣੇ ਸੇਵਕਾਂ ਨੂੰ ਲਿਖਦੇ ਰਹੇ, ਉਸ ਵਿਚ ਉਹ ਆਪਣੇ ਆਪ ਨੂੰ ਕੇਵਲ ਗੁਰੂ ਦਾ ਸਿੱਖ ਹੀ ਆਖਦੇ ਰਹੇ ਹਨ ।

ਬਾਬਾ ਰਾਮ ਸਿੰਘ ਜੀ ਅੰਗਰੇਜਾਂ ਨੂੰ, ਗਊ ਦਾ ਮਾਸ ਖਾਣ ਕਾਰਨ ਅਤੇ ਕੁਝ ਕੁ ਸਿੱਖੀ ਰਾਜ ਖ਼ਤਮ ਕਰਨ ਲਈ, ਨੂੰ ਬੜੀ ਨਫ਼ਰਤ ਕਰਦੇ ਸਨ । ਇਨ੍ਹਾਂ ਨੇ ਦੇਸੀ ਕੱਪੜਾ, ਆਪਣੀ ਡਾਕ ਦਾ ਇੰਤਜਾਮ ਆਪਣਾ ਕੀਤਾ ਹੋਇਆ ਸੀ ਅਤੇ ਆਪਸੀ ਲੜਾਈ ਝਗੜੇ ਨੂੰ ਭੀ ਸਰਕਾਰੀ ਅਦਾਲਤ ਦੀ ਬਜਾਇ ਆਪਸ ਵਿਚ ਹੀ ਫੈਸਲਾ ਕਰਦੇ ਸੀ ।

ਜਿੱਥੇ ਜਾਂਦੇ, ਦੋ ਤਿੰਨ ਸੌ ਸੇਵਕ ਨਾਲ ਹੁੰਦੇ ।ਅੰਗ੍ਰੇਜ਼ ਸਰਕਾਰ ਜੋ 1857 ਦੇ ਗ਼ਦਰ ਤੋਂ, ਜੋ ਨੇੜੇ ਹੀ ਹੋ ਕੇ ਹਟਿਆ ਸੀ ਪਹਿਲਾਂ ਹੀ ਬਹੁਤ ਡਰੀ ਹੋਈ ਸੀ, ਬਾਬਾ ਜੀ ਦੀਆਂ ਗਤੀਵਿਧੀਆਂ ਤੇ ਗਹੁ ਨਾਲ ਨਜ਼ਰ ਰੱਖ ਰਹੀ ਸੀ। ਸਰਕਾਰ ਨੂੰ ਪਤਾ ਲਗਾ ਕਿ ਬਾਬਾ ਜੀ ਆਪਣੇ ਸੇਵਕਾਂ ਨੂੰ ਹਥਿਆਰਾਂ ਨਾਲ ਸਨਦਬੱਧ ਕਰ ਰਹੇ ਹਨ । ਦੂਸਰੇ ਇਨ੍ਹਾਂ ਦੇ ਕੁਝ ਸੇਵਕਾਂ ਨੇ ਸੌ ਸਾਖੀ ਵਿਚੋਂ ਇਕ ਸਾਖੀ ਵਿਚ ਰਲਾ ਪਾ ਕੇ ਇਹ ਪ੍ਰਚਾਰਿਆ ਕਿ ਬਾਬਾ ਰਾਮ ਸਿੰਘ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਹਨ। ਉਧਰੋਂ ਬਾਬਾ ਰਾਮ ਸਿੰਘ ਨੇ ਸਾਰੇ ਕੂਕਿਆਂ ਨੂੰ 1863 ਈ: ਵਿਚ ਅੰਮ੍ਰਿਤਸਰ ਦੀ ਵਿਸਾਖੀ ਤੇ ਇਕੱਠੇ ਹੋਣ ਦਾ ਹੁਕਮ ਦੇ ਦਿੱਤਾ ।

ਸਰਕਾਰ ਨੇ ਕੋਈ ਝਗੜਾ ਹੋਣ ਦੇ ਡਰੋਂ ਬਾਬਾ ਰਾਮ ਸਿੰਘ ਨੂੰ ਪਿੰਡ ਭੈਣੀ ਵਿਚ ਨਜ਼ਰ ਬੰਦ ਕਰ ਦਿੱਤਾ । ਇਸ ਲਈ ਅੰਮ੍ਰਿਤਸਰ ਵਿਖੇ ਕੋਈ ਇਕੱਠ ਨ ਹੋਇਆ ਅਤੇ ਤਿੰਨ ਸਾਲ ਤਕ ਅਮਨ ਸ਼ਾਂਤੀ ਰਹੀ ।

2● ਮਾਰਚ 1867 ਈ: ਵਿਚ ਬਾਬਾ ਰਾਮ ਸਿੰਘ ਜੀ ਅਨੰਦਪੁਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਹਾਜ਼ਰ ਹੋਏ ਪਰ ਜਥੇਦਾਰ ਨੇ ਇਨ੍ਹਾਂ ਦਾ ਅਰਦਾਸਾਂ ਹੇਠਲੀਆਂ ਗੱਲਾਂ ਕਰਕੇ ਨਹੀਂ ਕੀਤਾ ਨਾ ਹੀ ਕੋਈ ਸਿਰੋਪਾਓ ਦਿੱਤਾ ।

1. ਤੁਸੀਂ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਕਹਾਉਂਦੇ ਹੋ ।
2. ਨਵਾਂ ਕੂਕਾ ਬਣਾਉਣ ਵੇਲੇ ਸਿੱਖ ਰੀਤ ਵਿਰੁਧ ਕੰਨ ਵਿਚ ਮੰਤ੍ਰ ਫੂਕਦੇ ਹੋ।
3. ਨਵੇਂ ਕੂਕੇ ਨੂੰ ਆਖਦੇ ਹੋ "ਜਨਮ ਗੁਰੂ ਹਜ਼ਰੋ, ਅਰ "ਬਾਸੀ ਭੈਣੀ" ਜਦ ਕਿ ਸਿੱਖ ਮੰਨਦੇ ਹਨ "ਜਨਮ ਗੁਰੂ ਪਟਣਾ", ਅਰ "ਵਾਸੀ ਆਨੰਦਪੁਰ"।
4. ਸਿੱਖ ਰਹੁ ਰੀਤ ਦੇ ਵਿਰੁਧ ਕੂਕੇ ਗੁਰ ਦੀਵਾਨ ਵਿਚ ਪੱਗਾਂ ਲਾਹ ਲੈਂਦੇ ਹਨ ਤੇ ਕੇਸ ਖਿਲਾਰ ਲੈਂਦੇ ਹਨ ।
5. ਗੁਰੂ ਦੇ ਸਿਖਾਂ ਦੀ ਰਹੁ-ਰੀਤ ਦੇ ਵਿਰੁਧ ਕੂਕੇ ਕਈ ਵਾਰੀ ਇਸ ਹੱਦ ਤੱਕ ਪਹੁੰਚ ਜਾਂਦੇ ਹਨ ਕਿ ਮੁਸਲਮਾਨ ਫਕੀਰਾਂ ਵਾਂਗੂੰ ਕਰਨ ਲਗ ਜਾਂਦੇ ਹਨ।

ਇਸ ਲਈ ਉਹ ਗੁਰੂ ਕੇ ਸਿੱਖ ਨਹੀਂ ਹੋ ਸਕਦੇ ।

ਇਸ ਪਰ ਬਾਬਾ ਰਾਮ ਸਿੰਘ ਨੇ ਕਿਹਾ ਕਿ ਤੁਸੀਂ ਸਿਖ ਨਹੀਂ ਹੋ ਤੁਸੀਂ ਮਾਸ ਖਾਂਦੇ ਹੋ ਸ਼ਰਾਬ ਪੀਂਦੇ ਹੋ, ਕੁੜੀ ਮਾਰਨ ਵਿਭਚਾਰ ਲਈ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਦੇ ਹੋ । ਇਸ ਲਈ ਕੂਕੇ ਤੁਹਾਨੂੰ ਸਿੱਖ ਨਹੀਂ ਸਮਝਦੇ ।

1867 ਵਿਚ ਬਾਬਾ ਰਾਮ ਸਿੰਘ ਦੀ ਨਜ਼ਰਬੰਦੀ ਖਤਮ ਹੋ ਗਈ । ਅਕਤੂਬਰ 1867 ਵਿਚ ਦੀਵਾਲੀ ਤੇ ਭੈਣੀ ਵਿਚ ਕੂਕਿਆਂ ਦਾ ਵੱਡਾ ਇਕੱਠ ਹੋਇਆ । ਇਸ ਪਿਛੋਂ ਕੂਕਿਆਂ ਨੇ ਨਾਅਰਾ ਲਾਇਆ :

"ਮੜੀ ਮਸਾਣੀ ਢਾਇ ਕੇ ਕਰ ਦਿਓ ਮੈਦਾਨਾ" ।

(ਭਾ: ਗੁਰਦਾਸ ਸਿੰਘ ਦੀ ਵਾਰ 41 ਨੂੰ ਵਿਗਾੜ ਕੇ ਲਿਖੀ ਗਈ ਹੈ) ਅਸਲੀ ਤੁਕ ਇਸ ਤਰ੍ਹਾਂ ਹੈ :-

***ਇਉਂ ਉਠੇ ਸਿੰਘ ਭਭਕਾਰ ਕੈ ਸਭ ਜਗ ਡਰਪਾਕਾ ।***
***ਮੜ੍ਹੀ ਕੇਵਲ ਗੋਰ ਮਸੀਤ ਢਾਹਿ ਕੀਏ ਮਦਾਨਾ ।***

ਇਸ ਅਧੀਨ ਲਾਹੌਰ ਦੇ ਮੁਰੀਦ ਕੇ ਥਾਣੇ ਅਧੀਨ ਪੈਂਦੇ ਪਿੰਡ ਵਿਚ ਹਨੂਮਾਨ ਤੇ ਲਛਮਣ ਦੀਆਂ ਮੂਰਤੀਆਂ ਤੋੜੀਆਂ ਗਈਆਂ; ਲੁਧਿਆਣੇ ਜ਼ਿਲੇ ਦੇ ਪਿੰਡ ਛਪਾਰ ਤੇ ਹੋਰ ਕਈ ਥਾਈਂ, ਅੰਮ੍ਰਿਤਸਰ ਗੁਰਦਾਸਪੁਰ ਅਤੇ ਗੁਜਰਾਂ ਵਾਲੇ ਦੇ ਕਈ ਪਿੰਡਾਂ ਵਿਚ ਕਬਰਾਂ ਪੁਟੀਆਂ ਗਈਆਂ ਅਤੇ ਮੂਰਤੀਆਂ ਤੋੜੀਆਂ ਗਈਆਂ। ਸਰਕਾਰ ਨੇ ਦੋਸ਼ੀਆਂ ਨੂੰ ਕੈਦ ਅਤੇ ਜੁਰਮਾਨਾ ਕੀਤਾ ਜੋ ਸਾਰੇ ਹੀ ਕੂਕੇ ਸਨ ।

ਫਿਰ ਸਰਕਾਰ ਨੂੰ ਖ਼ਬਰ ਮਿਲੀ ਕਿ ਕਸ਼ਮੀਰ ਵਿਚ ਕੂਕੇ ਫੌਜ ਦੀ ਇਕ ਪਲਟਣ ਤਿਆਰ ਕਰ ਰਹੇ ਹਨ । ਇਸੇ ਤਰ੍ਹਾਂ ਨੇਪਾਲ ਦੇ ਰਾਣਾ ਜੰਗ ਬਹਾਦਰ ਨਾਲ ਭੀ ਕੁਛ ਗੰਢ ਤੁਪ ਕਰ ਰਹੇ ਹਨ ।

ਜੂਨ 187● ਵਿਚ ਅੰਮ੍ਰਿਤਸਰ ਸ਼ਹਿਰ ਵਿਚ ਕੂਕਿਆਂ ਨੇ ਕੁਝ ਬੁੱਚੜਾਂ ਤੇ ਹਮਲਾ ਕਰ ਦਿੱਤਾ । ਇਸੇ ਤਰ੍ਹਾਂ ਰਾਏਕੋਟ ਵਿਚ ਕੁਝ ਬੁੱਚੜ ਮਾਰ ਦਿੱਤੇ ਅਤੇ ਕੁਝ ਜ਼ਖ਼ਮੀ ਹੋ ਗਏ । 13 ਜਨਵਰੀ 1871 ਨੂੰ ਹਥਿਆਰ ਲੁਟਣ ਦੀ ਨੀਅਤ ਨਾਲ ਕੂਕਿਆਂ ਨੇ ਲੁਧਿਆਣੇ ਜ਼ਿਲੇ ਦੇ ਕਸਬਾ ਮਲੌਂਦ ਤੇ ਧਾਵਾ ਬੋਲ ਦਿੱਤਾ। ਫਿਰ ਮਲੇਰਕੋਟਲੇ ਦੇ ਬੁੱਚੜਾਂ ਤੇ ਹੱਲਾ ਕਰ ਦਿੱਤਾ । ਇਥੇ ਪੁਲਿਸ ਪਾਰਟੀ ਨਾਲ ਝੱੜਪ ਹੋ ਗਈ । ਇਕ ਕੋਤਵਾਲ ਮਰ ਗਿਆ, 7 ਸਿਪਾਹੀ ਫੱਟੜ ਹੋ ਗਏ । ਸਾਰੇ ਕੂਕੇ ਫੜੇ ਗਏ । ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿ: ਕਾਵਨ ਅਤੇ ਕਮਿਸ਼ਨਰ ਅੰਬਾਲਾ ਨੇ ਬਗੈਰ ਮੁਕੱਦਮਾ ਚਲਾਏ 6● ਕੂਕੇ ਮਲੇਰਕੋਟਲੇ ਦੇ ਰੜ ਵਿਚ ਤੋਪਾਂ ਨਾਲ ਉਡਾ ਦਿੱਤੇ । ਇਸ ਗ਼ੈਰ ਕਾਨੂੰਨੀ ਕੰਮ ਕਰਕੇ ਅੰਗਰੇਜ਼ ਸਰਕਾਰ ਨੇ ਦੋਨੋਂ ਅਫ਼ਸਰਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ।

ਸਾਰੇ ਘਟਨਾ ਕ੍ਰਮ ਨੂੰ ਘੋਖ ਕੇ ਸਰਕਾਰ ਨੇ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਦਸ ਸਾਥੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ । ਪਹਿਲਾਂ ਬਾਬਾ ਰਾਮ ਸਿੰਘ ਅਤੇ ਸਾਥੀਆਂ ਨੂੰ ਅਲਾਹਾਬਾਦ ਦੇ ਕਿਲੇ ਵਿਚ ਕੈਦ ਰੱਖਿਆ ਫਿਰ ਫਰਵਰੀ 1872 ਵਿਚ ਬਾਬਾ ਰਾਮ ਸਿੰਘ ਨੂੰ ਰੰਗੂਨ ਭੇਜ ਦਿੱਤਾ ਅਤੇ ਉਨ੍ਹਾਂ ਦੇ ਬਾਕੀ ਸਾਥੀਆਂ ਨੂੰ ਕਾਲੇ ਪਾਣੀ ਭੇਜ ਦਿੱਤਾ ਗਿਆ ।

ਬਾਬਾ ਰਾਮ ਸਿੰਘ ਜੀ 13 ਸਾਲ ਰੰਗੂਨ ਦੀ ਕੈਦ ਵਿਚ ਨਾਮ ਅਭਿਆਸ ਦੀ ਕਮਾਈ ਸਦਕਾ ਚੜ੍ਹਦੀ ਕਲਾ ਵਿਚ ਵਿਚਰਦੇ ਹੋਇ 1885 ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ।

ਬਾਬਾ ਜੀ ਦੇ ਜੇਲ੍ਹ ਦੇ ਸਮੇਂ ਦੀਆਂ ਆਪਣੇ ਸੇਵਕਾਂ ਦੇ ਨਾਉਂ ਲਿਖੀਆਂ 51 ਚਿੱਠੀਆਂ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਨੇ ਆਪਣੀ ਕਿਤਾਬ "ਕੂਕਿਆਂ ਦੀ ਵਿਥਿਆ" ਵਿਚ ਦਰਜ ਕੀਤੀਆਂ ਹਨ । ਇਨ੍ਹਾਂ ਚਿੱਠੀਆਂ ਵਿਚ ਇਨ੍ਹਾਂ ਵਾਰ ਵਾਰ ਇਹੀ ਲਿਖਿਆ ਹੈ ਕਿ ਮੈਂ ਤਾਂ ਗੁਰੂ ਦਾ ਸਿੱਖ ਹਾਂ, ਗੁਰੂ, ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਗ੍ਰੰਥ ਸਾਹਿਬ ਹੀ ਹਨ । ਪਰ ਕਹਾਵਤ ਹੈ

ਗੁਰੂ ਉਡਦੇ ਨਹੀਂ ਚੇਲੇ ਉਡਾਂਦੇ ਹਨ ।

ਇਸ ਲਈ ਹੁਣ ਵਾਲੇ ਭੈਣੀ ਸਾਹਿਬ ਦੇ ਕੂਕਿਆਂ ਨੇ ਪੂਰਨ ਤੌਰ ਤੇ ਆਪਣੇ ਆਪ ਨੂੰ ਗੁਰੂ ਕਹਿਲਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਬਿਲਕੁਲ ਵਿਸਾਰ ਦਿੱਤਾ ਹੈ ।

ਬਾਬਾ ਰਾਮ ਸਿੰਘ ਦੀ ਜਲਾਵਤਨੀ ਪਿਛੋਂ ਉਨ੍ਹਾਂ ਦੇ ਭਰਾ ਬੁਧ ਸਿੰਘ ਭੈਣੀ ਸਾਹਿਬ ਦੇ ਡੇਰੇ ਦਾ ਇੰਚਾਰਜ ਬਣਿਆ । ਜੋ ਪਿਛੋਂ ਹਰੀ ਸਿੰਘ ਨਾਉਂ ਨਾਲ ਮਸ਼ਹੂਰ ਹੋਇਆ । ਉਨ੍ਹਾਂ ਦੇ ਦੇਹਾਂਤ ਪਿਛੋਂ ਮਈ 19●6 ਵਿਚ ਉਹਨਾਂ ਦਾ ਪੁਤਰ ਪ੍ਰਤਾਪ ਸਿੰਘ ਗੁਰੂ ਕਹਾਇਆ ।

ਬਾਬਾ ਰਾਮ ਸਿੰਘ ਦੇ ਸਰੀਰ ਤਿਆਗਣ ਪਿਛੋਂ ਅੱਜ ਤੱਕ ਕੋਈ ਗੈਰ ਕਾਨੂੰਨੀ ਜਾਂ ਅਸਵਿਧਾਨਕ ਕੰਮ ਸੁਣਨ ਵਿਚ ਨਹੀਂ ਆਇਆ । ਤਖ਼ਤ ਸਾਹਿਬਾਂ ਤੋਂ ਕੂਕਿਆਂ ਨੂੰ ਮਾਨਤਾ ਨ ਮਿਲਣ ਕਰਕੇ ਅਤੇ ਸੇਵਕਾਂ ਦੇ ਅੰਧ ਵਿਸ਼ਵਾਸ਼ ਜਾਂ ਜਜ਼ਬਾਤਾਂ ਦਾ ਫਾਇਦਾ ਉਠਾ ਕੇ ਦਸ਼ਮੇਸ਼ ਪਿਤਾ ਦੇ ਬਚਨਾਂ "ਗੁਰੂ ਮਾਨਿਓ ਗ੍ਰੰਥ" ਨੂੰ ਪਿੱਠ ਦੇ ਕੇ ਆਪਣੇ ਆਪ ਨੂੰ ਗੁਰੂ ਕਹਾਉਣ ਵਿਚ ਹੀ ਭਲਾ ਲੋਚਿਆ। ਹਿੰਗ ਲਗੇ ਨ ਫਟਕੜੀ ਰੰਗ ਚੋਖਾ ਵਾਲੀ ਕਹਾਵਤ ਹੈ ।

ਇਹ ਵੀ ਸੁਣਨ ਵਿਚ ਆਇਆ ਹੈ ਕਿ ਆਪਣੀ ਸਾਖ ਕਾਇਮ ਰੱਖਣ ਲਈ ਬਾਬਾ ਰਾਮ ਸਿੰਘ ਦੀਆਂ ਰੰਗੂਨ ਤੋਂ ਆਈਆਂ ਚਿੱਠੀਆਂ ਨਸ਼ਟ ਕਰ ਦਿੱਤੀਆਂ ਹਨ ਅਤੇ ਅੱਜ ਇਹ "ਪੁਰਖ ਗੁਰੂ" ਦੀ ਕਿਤਾਬ ਛਾਪ ਕੇ ਵੰਡ ਰਹੇ ਹਨ । ਨਾਲ ਹੀ ਬਾਬਾ ਰਾਮ ਸਿੰਘ ਦੀ ਫੋਟੋ ਗੁਰੂ ਸਾਹਿਬਾਨ ਦੀਆਂ ਫੋਟੋਆਂ ਵਿਚ ਰੱਖ ਕੇ ਗਿਆਰਵਾਂ ਗੁਰੂ ਪ੍ਰਚਾਰ ਰਹੇ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਤੁਲਨਾ ਬਾਬਾ ਰਾਮ ਸਿੰਘ ਨਾਲ ਕਰਨੀ ਹੀ ਇਕ ਕੁਫ਼ਰ ਹੈ । ਬਾਬਾ ਰਾਮ ਸਿੰਘ ਦੀ ਜੀਵਨ ਝਾਕੀ ਦੇਖ ਕੇ ਪਾਠਕ ਆਪ ਹੀ ਅੰਦਾਜ਼ਾ ਲਾਉਣ ਕਿ ਸੂਰਜ ਦਾ ਇਕ ਪਟਬੀਜਣੇ

ਨਾਲ ਕੀ ਮੁਕਾਬਲਾ ਹੈ । ਭੈਣੀ ਸਾਹਿਬ ਦੀ ਗੱਦੀ ਤਾਂ ਅੱਜ ਤੱਕ ਖਾਲਸਾ ਪੰਥ ਦੇ ਸੂਰਬੀਰਾਂ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਆਦਿ ਦਾ ਹੀ ਮੁਕਾਬਲਾ ਨਹੀਂ ਕਰ ਸਕੇ, ਗੁਰੂ ਨਾਲ ਤਾਂ ਤੁਲਨਾ ਹੀ ਕੀ ਦੇਣੀ ਹੈ ।

ਪੰਥ ਵਲੋਂ ਮਾਨਤਾ ਨਾ ਮਿਲਣ ਕਰਕੇ, ਪਾੜੋ ਤੇ ਰਾਜ ਕਰੋ ਦੇ ਧਾਰਨੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਝਟ ਆ ਕੇ (ਸਤਿਗੁਰੂ) ਪ੍ਰਤਾਪ ਸਿੰਘ ਦੇ ਘੋੜੇ ਦੀ ਲਗਾਮ ਫੜ ਲਈ ਅਤੇ ਕੂਕੇ ਪੂਰਨ ਤੌਰ ਤੇ ਪੰਥ ਵਿਰੋਧੀ ਤਾਕਤਾਂ ਦੇ ਵੋਟ ਬੈਂਕ ਬਣ ਗਏ।

ਪੰਜਾਬ ਦੇ ਪਿਛਲੇ ਵੀਹ ਸਾਲਾਂ ਦੇ ਇਤਿਹਾਸ ਤੇ ਹੀ ਝਾਤ ਮਾਰੀਏ ਤਾਂ ਪਤਾ ਚਲਦਾ ਹੈ ਕਿ ਹੁਣ ਕੂਕਿਆਂ ਨੂੰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨਾਲ ਕੋਈ ਸਰੋਕਾਰ ਨਹੀਂ । 1978 ਵਿਚ ਨਿਰੰਕਾਰੀ ਗੁਰੂ ਨੇ ਅੰਮ੍ਰਿਤਸਰ ਵਿਸਾਖੀ ਤੇ ਜਲੂਸ ਵਿਚ ਐਲਾਨੀਆ ਕਹਿਆ "ਗੁਰੂ ਗੋਬਿੰਦ ਸਿੰਘ ਨੂੰ ਰੂਹਾਨੀਅਤ ਦਾ ਕੀ ਪਤਾ ਹੋ ਸਕਦਾ ਹੈ ਉਹ ਤਾਂ ਸਾਰੀ ਉਮਰ ਸ਼ਿਕਾਰ ਖੇਡਦਾ ਰਿਹਾ ਅਤੇ ਲੜਾਈਆਂ ਲੜਦਾ ਰਿਹਾ" ਗੁਰੂ ਕੇ ਸਿੱਖਾਂ ਦੇ ਮਨ ਵਲੂੰਧਰੇ ਗਏ ਪਰ ਕੂਕਿਆਂ ਨੂੰ ਕੋਈ ਅਹਿਸਾਸ ਨਹੀਂ ਹੋਇਆ ਸੀ ।

ਗਊ ਮਾਰਨ ਵਾਲੇ ਬੁੱਚੜਾਂ ਨੂੰ ਮਾਰਨ ਲਈ ਕੂਕਿਆਂ ਨੇ ਹਥਿਆਰ ਚੁੱਕ ਲਏ ਪਰ ਵੀਹ ਹਜ਼ਾਰ ਗਊਆਂ (ਸਿਖ ਜੁਆਨੀ) ਸਰਕਾਰੀ ਬੁੱਚੜਾਂ ਨੇ ਮਾਰ ਕੇ ਲਾਵਾਰਸ ਕਹਿ ਕੇ ਜਲਾ ਦਿੱਤੀਆਂ । ਚੌਧਵੇਂ ਗੁਰੂ ਦੇ ਕੰਨ ਤੇ ਜੂੰ ਨਹੀਂ ਸਰਕੀ । ਸਾਕਾ ਨੀਲਾ ਤਾਰਾ ਹੋਇਆ । ਦਸ਼ਮੇਸ਼ ਦੇ ਸਿਖਾਂ ਨੇ ਖਾੜਕੂਵਾਦ ਨਾਲ ਸੇਵਾ ਕੀਤੀ ਪਰ ਚੌਧਵੇਂ ਗੁਰੂ ਜੀ ਵਿਦੇਸ਼ ਦੀਆਂ ਸੈਰਾਂ ਕਰਦੇ ਰਹੇ । ਇੰਦਰਾ ਗਾਂਧੀ ਦੇ ਮਰਨ ਪਿਛੋਂ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਦੰਗਈਆਂ ਨੇ ਦਾੜ੍ਹੀ ਪੱਗ ਵਾਲਾ ਨ ਸਿਖ ਛਡਿਆ ਨਾ ਰਾਧਾ ਸੁਆਮੀ ਅਤੇ ਨਾ ਹੀ ਕੂਕਾ ਪਰ ਚੌਧਵੇਂ ਗੁਰੂ ਜੀ ਆਪਣੇ ਮਾਲਕਾਂ ਦੇ ਬਰਖਿਲਾਫ ਇਕ ਲਾਈਨ ਨਹੀਂ ਲਿਖ ਸਕੇ ਨ ਹੀ ਕੋਈ ਬਿਆਨ ਦੇ ਸਕੇ ।

## ਕੂਕਾ ਲਹਿਰ ਦੀ ਪ੍ਰਾਪਤੀ ਦਾ ਵੇਰਵਾ

| ਅੰਕ | ਮਿਤੀ | ਘਟਨਾ | ਮਰੇ | ਫੱਟੜ | ਕੂਕੇ | ਗੈਰ ਕੂਕੇ |
|---|---|---|---|---|---|---|
| 1. | 24.12.1886 | ਪਿੰਡ ਸੇਖਵਾਂ ਵਿਚ ਮੂਰਤੀਆਂ ਪੁੱਟੀਆਂ | — | — | ਦੇਵਾ ਸਿੰਘ ਨੂੰ 2 ਸਾਲ ਕੈਦ 25 ਰੁਪਏ ਜੁਰਮਾਨਾ | — |
| 2. | | ਪਿੰਡ ਛਪਾਰ ਅਤੇ ਖਟਰੀ ਕੌਸਾਂ ਪੂਜਾ ਅਸਥਾਨ ਢਾਇਆ | — | — | ਖਜ਼ਾਨ ਸਿੰਘ, ਕਾਹਨ ਸਿੰਘ ਵਸਾਵਾ ਸਿੰਘ, ਬਹਾਦਰ ਸਿੰਘ ਨੂੰ ਛੇ-ਛੇ ਮਹੀਨੇ ਦੀ ਕੈਦ / ਦਸ ਦਸ ਰੁਪਏ ਜੁਰਮਾਨ | — |
| 3. | | ਥਾਣਾ ਖੰਨਾ ਵਿਚ ਇਕ ਮੜ੍ਹੀ ਅਤੇ ਪੀਰ ਖਾਨਾ ਢਾਹਿਆ | — | — | ਮੇਘ ਸਿੰਘ, ਸ਼ੇਰ ਸਿੰਘ, ਜੋਤਾ ਸਿੰਘ, ਗੁਲਾਬ ਸਿੰਘ ਨੂੰ ਛੇ ਛੇ ਮਹੀਨੇ ਦੀ ਕੈਦ ਦਸ ਰु: ਜੁਰਮਾਨਾ | — |
| 4. | ਫਰਵਰੀ, 1869 | ਪਿੰਡ ਬਰਾਜ ਸਿੰਘ ਵਾਲਾ ਡਿਪਟੀ ਇੰਸਪੈਕਟਰ ਪੁਲਿਸ ਦੀਵਾਨ ਬਖ਼ਸ਼ ਸਮੇਤ 3 ਹਲਾਕ | — | — | ਸੱਤ ਕੂਕਿਆਂ ਨੂੰ ਕੈਦ | — |
| 5. | 14.6.1870 | ਅੰਮ੍ਰਿਤਸਰ ਸਾਹਿਬ ਬੁੱਚੜਾਂ ਤੇ ਹਮਲਾ | — | — | 4 ਕੂਕੇ ਫਾਂਸੀ ਲੱਗੇ 2 ਕਾਲੇ ਪਾਣੀ | 4 ਮਰੇ ਤਿੰਨ ਫੱਟੜ |

| | | | | | | |
|---|---|---|---|---|---|---|
| 6. | | ਰਾਇਕੋਟ ਬੁੱਚੜਾਂ ਤੇ ਹਮਲਾ | — | — | 3 ਕੂਕੇ ਫਾਂਸੀ ਲੱਗੇ | ਤਿੰਨ ਮਰੇ 9 ਜ਼ਖਮੀ |
| 7. | 14.1.1878 | ਮਲੌਦ ਦੇ ਸਰਦਾਰ ਬਚਨ ਸਿੰਘ ਦੇ ਕਿਲੇ ਤੇ ਹਮਲਾ | 2 | 4 | | 2 ਮਰੇ 2 ਜ਼ਖਮੀ |
| 8. | | ਮਲੇਰ ਕੋਟਲੇ ਦੇ ਬੁਚੜਾਂ ਤੇ ਹਮਲਾ - ਪੁਲਿਸ ਨਾਲ ਮੁਕਾਬਲਾ | 7 | 3 | ਸੱਠ ਕੂਕੇ ਤੋਪਾਂ ਨਾਲ ਉਡਾਏ, 4 ਕਾਲੇ ਪਾਣੀ, 16 ਫਾਂਸੀ, 50 ਨੂੰ ਜੁਰਮਾਨਾ | ਮਰੇ 8, ਫੱਟੜ 15 |

ਪਾਠਕ ਆਪ ਹੀ ਅੰਦਾਜਾ ਲਾਉਣ ਕਿ ਦਸ਼ਮੇਸ਼ ਪਿਤਾ ਦੇ ਸੰਘਰਸ਼ ਮਈ ਜੀਵਨ ਅਤੇ ਪਰਾਪਤੀਆਂ ਸਾਹਮਣੇ ਬਾਬਾ ਰਾਮ ਸਿੰਘ ਕੀ ਅਰਥ ਰੱਖਦੇ ਹਨ । ਜੇ ਹੁਣ ਚੌਧਵੇਂ ਪਾਖੰਡੀ ਗੁਰੂ ਗੁਰੂ ਸਾਹਿਬ ਦੀਆਂ ਫੋਟੋਆਂ ਵਿਚ ਬਾਬਾ ਰਾਮ ਸਿੰਘ ਨੂੰ ਗਿਆਰਵਾਂ ਗੁਰੂ ਪ੍ਰਚਾਰਨ ਦੀ ਹਮਾਕਤ ਕਰਨ ਤਾਂ ਫਿਰ ਇਨ੍ਹਾਂ ਦੀ ਬੁੱਧੀ ਤੇ ਹੀ ਤਰਸ ਕੀਤਾ ਜਾ ਸਕਦਾ ਹੈ ।

ਇਥੇ ਇਹ ਭੀ ਦੱਸਣਾ ਠੀਕ ਰਹੇਗਾ ਕਿ ਕੂਕਿਆਂ ਨੇ ਆਪਣਾ ਮਨੋਰਥ ਸਿੱਧ ਕਰਨ ਲਈ ਆਪਣੀਆਂ ਕਿਤਾਬਾਂ ਵਿੱਚ, ਨਾਭੇ ਦੇ ਬਾਬਾ ਅਜਾਪਾਲ ਸਿੰਘ ਨੂੰ (ਪ੍ਰਸਿੱਧ ਘੋੜਿਆਂ ਵਾਲਾ ਗੁਰਦੁਆਰਾ) ਮਨੋ ਕਲਪਤ ਗੁਰੂ ਗੋਬਿੰਦ ਸਿੰਘ ਥਾਪ ਕੇ ਅੱਗੇ ਗੁਰਿਆਈ ਬਾਲਕ ਸਿੰਘ ਨੂੰ ਦੇ ਦਿੱਤੀ ਅਤੇ ਬਾਬਾ ਬਾਲਕ ਸਿੰਘ ਤੋਂ ਅੱਗੇ ਬਾਬਾ ਰਾਮ ਸਿੰਘ ਨੂੰ ਗੁਰੂ ਬਣਾ ਦਿੱਤਾ। ਜਦ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਮਹਾਨ ਕੋਸ਼ (ਪ੍ਰਕਾਸ਼ਤ ਭਾਸ਼ਾ ਵਿਭਾਗ 1999) ਦੇ ਪੰਨਾ 47 ਤੇ ਲਿਖਦੇ ਹਨ ਕਿ ਬਾਬਾ ਅਜਾਪਾਲ ਸਿੰਘ ਜੀ ਨੇ ਆਪਣਾ ਉਤਰ ਅਧਿਕਾਰੀ ਬਾਬਾ ਸਰੂਪ ਸਿੰਘ (ਭਾਈ ਕਾਨ੍ਹ ਸਿੰਘ ਜੀ ਦੇ ਬਾਬਾ) ਨੂੰ ਥਾਪਿਆ ਸੀ ਅਤੇ ਇਸ ਡੇਰੇ ਦੀ ਮਹੰਤੀ ਉਸ ਵੇਲੇ ਤੋਂ ਭਾਈ ਕਾਨ੍ਹ ਸਿੰਘ ਦੇ ਪਰਵਾਰ ਕੋਲ ਆ ਰਹੀ ਹੈ ।

ਕੂਕਿਆਂ ਬਾਰੇ ਸਹੀ ਜਾਣਕਾਰੀ ਲਈ "ਕੂਕਿਆਂ ਦੀ ਵਿਥਿਆ" ਕ੍ਰਿਤ ਡਾ. ਗੰਡਾ ਸਿੰਘ ਇਤਿਹਾਸਕਾਰ ਪ੍ਰਕਾਸ਼ਕ ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਲਈ ਜਾ ਸਕਦੀ ਹੈ ।

# ਰਾਧਾ ਸੁਆਮੀ ਮੱਤ

ਇਸ ਦੇ ਬਾਨੀ ਅਤੇ ਸੰਚਾਲਕ ਸ੍ਰੀ ਸ਼ਿਵ ਦਿਆਲ ਸਿੰਹੁ ਦਾ ਜਨਮ 4 ਅਗਸਤ 1818 ਵਿਚ, ਆਗਰਾ ਸ਼ਹਿਰ ਦੀ ਪੰਨੀ ਗਲੀ ਵਿੱਚ ਲਾਲਾ ਦਿਲਵਾਲੀ ਸਿਹੁੰ ਖਤਰੀ ਦੇ ਘਰ ਹੋਇਆ । ਇਨ੍ਹਾਂ ਦਾ ਪਿੱਛਾ ਲਾਹੌਰ ਦਾ ਸੀ ਅਤੇ ਗੁਰੂ ਘਰ ਦੇ ਸ਼ਰਧਾਲੂ ਨਾਨਕ ਪੰਥੀਆਂ ਵਿਚੋਂ ਸਨ । ਸ਼ਿਵਦਿਆਲ ਸਿੰਹੁ ਦੇ ਦੋ ਭਰਾ, ਲਾਲਾ ਪ੍ਰਤਾਪ ਸਿੰਹੁ ਅਤੇ ਰਾਇ ਬ੍ਰਿੰਦਾ ਬਨ, ਗੁਰੂ ਘਰ ਦੇ ਸ਼ਰਧਾਲੂ ਗੁਰਬਾਣੀ ਪੜ੍ਹਨ ਵਾਲੇ, ਨਿਰਮਲੇ ਅਤੇ ਉਦਾਸੀ ਸੰਤਾਂ ਦੇ ਸਤਿਸੰਗੀ ਸਨ ।

ਸ੍ਰੀ ਸ਼ਿਵਦਿਆਲ ਸਿੰਹੁ, ਆਗਰੇ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਇਤਿਹਾਸਿਕ ਗੁਰਦੁਆਰੇ) ਮਾਈਥਾਨ ਵਿਚ ਸੰਤ ਦੀਦਾਰ ਸਿੰਘ ਜੀ ਦੀ ਸੰਗਤ ਨਾਲ ਗੁਰਬਾਣੀ ਦੇ ਗਿਆਤਾ ਅਤੇ ਇਕ ਸੂਝਵਾਨ ਵਕਤਾ ਬਣੇ । ਇਹ ਉਰਦੂ ਅਤੇ ਫ਼ਾਰਸੀ ਵਿਚ ਭੀ ਕਾਫ਼ੀ ਪ੍ਰਬੀਣ ਸਨ ।

ਸੰਤ ਦੀਦਾਰ ਸਿੰਘ ਜੀ ਤੋਂ ਆਤਮਿਕ ਗਿਆਨ ਅਤੇ ਗੁਰਬਾਣੀ ਦਾ ਗਿਆਨ ਪ੍ਰਾਪਤ ਕਰ ਕੇ ਮਾਈਥਾਨ ਦੇ ਗੁਰਦੁਆਰੇ ਵਿਚ ਹੀ ਕਥਾ ਕਰਨ ਲਗ ਪਏ । ਕਥਾ ਪ੍ਰਭਾਵਸ਼ਾਲੀ ਹੋਣ ਕਾਰਨ ਕਈ ਲੋਗ ਇਨ੍ਹਾਂ ਦੇ ਸ਼ਰਧਾਲੂ ਬਣ ਗਏ । ਯੂ.ਪੀ. ਵਿਚ ਰਹਿਣ ਕਾਰਨ ਇਨ੍ਹਾਂ ਨੂੰ ਪਾਨ ਖਾਣ ਅਤੇ ਬੀੜੀ ਪੀਣ ਦੀ ਆਦਤ ਪੈ ਗਈ, ਜਿਸ ਕਾਰਨ ਇਨ੍ਹਾਂ ਨੂੰ ਗੁਰਦੁਆਰਾ ਮਾਈਥਾਨ ਵਿਚ ਪ੍ਰਵੇਸ਼ ਕਰਣ ਤੋਂ ਮਨ੍ਹਾ ਕਰ ਦਿਤਾ ਗਿਆ ਅਤੇ ਇਹ ਆਪਣੇ ਘਰ ਹੀ ਸਤਿਸੰਗ ਕਰਨ ਲੱਗ ਪਏ ।

ਗਿਆਨ ਅੰਮ੍ਰਿਤ ਰਸਾਲੇ 1969 ਦੇ ਅਪ੍ਰੈਲ ਅੰਕ ਅਨੁਸਾਰ ਜਦ ਸ਼ਿਵਦਿਆਲ ਸਿੰਹੁ ਦੇ ਪਿਤਾ ਲਾਲਾ ਦਿਲਵਾਲੀ ਸਿੰਹੁ ਦਾ ਅੰਤ ਸਮਾਂ ਨੇੜੇ ਆਇਆ ਤਾਂ ਸ਼ਿਵਦਿਆਲ ਸਿੰਹੁ ਨੇ ਪਿਤਾ ਜੀ ਕੋਲ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ । ਕੋਲ ਬੈਠੇ ਸੱਜਣਾਂ ਦੇ ਪੁੱਛਣ ਤੇ ਉਨ੍ਹਾਂ ਦੱਸਿਆ ਕਿ ਪਿਤਾ ਜੀ ਦੀ ਸੁਰਤਿ ਈਸ਼ਵਰ ਨਾਲ ਜੁੜੀ ਰਹੇ, ਇਸ ਲਈ ਅਸੀਂ ਗੁਰਬਾਣੀ ਦਾ

ਪਾਠ ਕੀਤਾ ਹੈ । ਸ੍ਰੀ ਸ਼ਿਵਦਿਆਲ ਸਿੰਹੁ ਜੀ ਨੂੰ ਲੋਕ ਸਾਧੂ ਜਾਣ ਕੇ ਸੁਆਮੀ ਜੀ ਆਖਦੇ ਸਨ ਅਤੇ ਇਨ੍ਹਾਂ ਦੀ ਪਤਨੀ ਦਾ ਨਾਮ ਰਾਧਾ ਸੀ ਜੋ ਕਿ ਫਰੀਦਾਬਾਦ ਦੇ ਰਹਿਣ ਵਾਲੇ ਲਾਲਾ ਇਜ਼ਤ ਰਾਇ ਦੀ ਲੜਕੀ ਸੀ ।

ਸ਼੍ਰੀ ਸ਼ਿਵਦਿਆਲ ਸਿੰਹੁ ਦਾ ਇਕ ਚੇਲਾ, ਕਾਇਸਥ ਜਾਤ ਦਾ ਰਾਇ ਸਾਲਗ ਰਾਮ ਜੋ ਆਗਰੇ ਦਾ ਹੀ ਸੀ ਅਤੇ ਮਹਿਕਮਾ ਡਾਕ ਤਾਰ ਵਿਚ ਮੁਲਾਜ਼ਮ ਸੀ, ਪਿਛੋਂ ਜਾ ਕੇ ਪੋਸਟ ਮਾਸਟਰ ਜਨਰਲ ਬਣ ਗਇਆ ।

1857 ਦੇ ਗਦਰ ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਕਈ ਸਿੱਖ ਪਲਟਣਾਂ ਯੂ.ਪੀ. ਵਿਚ ਭੇਜੀਆਂ । ਆਗਰੇ ਵੱਡੀ ਛਾਉਣੀ ਹੋਣ ਕਰ ਕੇ ਇਕ ਸਿੱਖ ਭਾਈ ਜੈਮਲ ਸਿੰਘ ਜੋ ਪਿਛੋਂ, ਪਿੰਡ ਘੁਮਾਣ ਜ਼ਿਲਾ ਗੁਰਦਾਸਪੁਰ ਦੇ ਸਨ, ਸ਼ਿਵਦਿਆਲ ਸਿੰਹੁ ਦੇ ਸ਼ਰਧਾਲੂ ਬਣ ਗਏ । ਸ੍ਰੀ ਸ਼ਿਵਦਿਆਲ ਸਿੰਹੁ ਦਾ ਦਿਹਾਂਤ ਸੰਨ 1878 ਆਗਰੇ ਹੀ ਹੋਇਆ । ਇਥੇ ਹੀ ਇਨ੍ਹਾਂ ਦੀ ਸਮਾਧੀ ਹੈ । ਇਨ੍ਹਾਂ ਦੇ ਮਰਨ ਉਪਰੰਤ ਸਾਲਿਗ ਰਾਮ ਜੀ ਇਸ ਮੱਤ ਦੇ ਮੁਖੀ ਬਣੇ। ਸੁਆਮੀ ਧਾਮ ਆਗਰਾ ਇਨ੍ਹਾਂ ਦਾ ਮੁੱਖ ਕੇਂਦਰ ਹੈ । ਇਨ੍ਹਾਂ ਦਾ ਚਮੜੇ ਦੇ ਸਾਮਾਨ ਦਾ ਅਤੇ ਹੋਰ ਹਰ ਤਰਾਂ ਦਾ ਕਾਰੋਬਾਰ ਬਹੁਤ ਫੈਲਿਆ ਹੋਇਆ ਸੀ। ਕਿਉਂਕਿ ਸ਼ਿਵਦਿਆਲ ਸਿੰਹੁ ਖ਼ੁਦ ਪਾਨ ਬੀੜੀ ਵਰਤਦੇ ਸੀ, ਜੋ ਯੂ.ਪੀ. ਵਿਚ ਆਮ ਪ੍ਰਚਲਤ ਹੈ ਇਸ ਲਈ ਦਿਆਲਬਾਗ਼ ਰਾਧਾ ਸੁਆਮੀ ਪਾਨ ਬੀੜੀ ਦਾ ਕੋਈ ਪਰਹੇਜ਼ ਨਹੀਂ ਕਰਦੇ । ਬਲਕਿ ਉਨ੍ਹਾਂ ਦੀ ਪੁਸਤਕ ਸਾਰ ਬਚਨ ਵਿਚ ਲਿਖਿਆ ਹੈ :

ਹੁਕਾ ਭਰ ਕੇ ਦਾਸੀ ਲਿਆਈ ।
ਰਾਧਾ ਸੁਆਮੀ ਢਿਗ ਬੈਠ ਪਿਲਾਈ ।
ਹੁੱਕਾ ਹੱਕ ਹੱਕ ਬੋਲੀ ਬੋਲਾ ।

ਅਗੇ ਇਸੇ ਪੁਸਤਕ ਦੇ ਪੰਨਾ 779 ਤੇ ਇੰਜ ਵਰਨਣ ਹੈ :

ਫਿਰ ਭੋਜਨ ਕਰ ਬੀੜੀ ਖਾਈ ।
ਬਾਂਟੀ ਬੀੜੀ ਕਨਹੀਆ ਭਾਈ ।
ਸੀਤ ਪ੍ਰਸਾਦ ਸਭੀ ਮਿਲ ਲੀਨਾ ।
ਜਨਮ ਜਨਮ ਕੇ ਪਾਤਕ ਛੀਨਾ ।
ਕੁਰਲੀ ਕਰ ਦਈ ਸੁਆਮੀ ਕੁਲ ਮੇਰਾ ਉਧਾਰਾ ।

ਜਨਮ ਸਫਲ ਔਰ ਤਨ ਮਨ ਧਾਰਾ ।

ਭਾਵ :- ਰਾਧਾ ਸੁਆਮੀ ਜੀ ਨੇ ਭੋਜਨ ਕਰਨ ਪਿਛੋਂ ਬੀੜੀ ਪੀਤੀ, ਜੋ ਇਕ ਕਨਹੀਆ ਭਾਈ ਨੇ ਵੰਡੀ । ਸਾਰਿਆਂ ਨੇ ਸੁਆਮੀ ਜੀ ਦਾ ਸੀਤ ਪ੍ਰਸਾਦ (ਜੂਠਾ) ਲਿਆ । ਸੁਆਮੀ ਜੀ ਨੇ ਕੁਰਲੀ ਕਰ ਕੇ ਉਸ ਦਾ ਜਲ ਦਿੱਤਾ ਜਿਸ ਨਾਲ ਮੇਰੀ ਕੁਲ ਤਰ ਗਈ । ਤਨ, ਮਨ ਅਤੇ ਜਨਮ ਸਫ਼ਲਾ ਹੋ ਗਏ ।

ਦਇਆਲ ਬਾਗ਼ ਆਗਰੇ ਦੀ ਬ੍ਰਾਂਚ ਵਿਚ ਕੋਈ ਲੰਗਰ ਨਹੀਂ ਚਲਦਾ।

ਇਕੱਲੇ ਆਗਰੇ ਸ਼ਹਿਰ ਵਿਚ ਹੀ ਰਾਧਾ ਸੁਆਮੀਆਂ ਦੀਆਂ ਤਿੰਨ ਗੱਦੀਆਂ ਚਲ ਰਹੀਆਂ ਹਨ (1) ਦਿਆਲ ਬਾਗ਼ (2) ਸੁਆਮੀ ਬਾਗ਼ (3) ਪਿੱਪਲ ਮੰਡੀ । ਸਾਰੇ ਆਪਣੇ ਆਪ ਨੂੰ ਸਵਾ ਸੇਰ ਕਹਾਉਂਦੇ ਹਨ ਅਤੇ ਦੂਸਰੇ ਨੂੰ ਰੱਤੀ ਭਰ । ਇਨ੍ਹਾਂ ਦੀ ਆਪਸੀ ਮੁਕੱਦਮੇ ਬਾਜ਼ੀ ਭੀ ਕਾਫ਼ੀ ਰਹੀ ਹੈ । ਇਸੇ ਤਰ੍ਹਾਂ ਇਕ ਗੱਦੀ ਬਨਾਰਸ ਅਤੇ ਇਕ ਅਲਾਹਾਬਾਦ ਚੱਲ ਰਹੀ ਹੈ । ਤਕਰੀਬਨ ਸਾਰੇ ਹੀ ਅੰਗ੍ਰੇਜ਼ੀ ਸਰਕਾਰ ਦੇ ਮੁਲਾਜ਼ਮ ਰਹੇ ਹਨ ਅਤੇ ਸਰਕਾਰ ਵਲੋਂ "ਰਾਇ ਬਹਾਦਰ" ਅਤੇ 'ਸਰ' ਦੇ ਖਿਤਾਬ ਨਾਲ ਨਿਵਾਜੇ ਜਾ ਚੁਕੇ ਹਨ ।

ਬਿਆਸ ਦੀ ਗੱਦੀ ਦੇ ਸੰਚਾਲਕ ਬਾਬਾ ਜੈਮਲ ਸਿੰਘ 1857 ਦੇ ਗ਼ਦਰ ਵੇਲੇ ਅੰਗ੍ਰੇਜ਼ਾਂ ਵਲੋਂ ਬਣਾਈ ਗਈ ਸਿੱਖ ਪਲਟਣ ਵਿਚ ਆਗਰੇ ਸਨ । ਇੱਥੇ ਇਨ੍ਹਾਂ ਦਾ ਮਿਲਾਪ ਸੁਆਮੀ ਸ਼ਿਵ ਦਿਆਲ ਸਿੰਹੁ ਨਾਲ ਹੋਇਆ । 1891 ਈ: ਵਿਚ ਫੌਜ ਦੀ ਨੌਕਰੀ ਤੋਂ ਰਿਟਾਇਰ ਹੋ ਕੇ ਦਰਿਆ ਬਿਆਸ ਦੇ ਕੰਢੇ ਪਿੰਡ ਵੜੈਚ ਅਤੇ ਬਲ ਸਰਾਂ ਦੇ ਲਾਗੇ ਭਜਨ ਬੰਦਗੀ ਕਰਨ ਲੱਗ ਪਏ ।

ਕਿਉਂਕਿ ਬਾਬਾ ਜੈਮਲ ਸਿੰਘ ਜੀ ਸਿੱਖੀ ਸਰੂਪ ਵਾਲੇ ਸਨ, ਇਸ ਲਈ ਪਿੰਡ ਵਾਲਿਆਂ ਨੇ ਸਾਂਝੀ ਜ਼ਮੀਨ ਵਿਚੋਂ ਗਿਆਰਾਂ ਕਨਾਲ ਸੋਲਾਂ ਮਰਲੇ ਜ਼ਮੀਨ ਧਰਮਸ਼ਾਲਾ ਬਨਾਉਣ ਲਈ ਦੇ ਦਿੱਤੀ । 14 ਜੂਨ 1897 ਈ: ਨੂੰ ਇਸ ਜ਼ਮੀਨ ਦੀ ਰਜਿਸਟਰੀ, ਰਜਿਸਟ੍ਰੀ ਨੰ: 254 ਗੁਰੂ ਗ੍ਰੰਥ ਸਾਹਿਬ ਦੇ ਨਾਮ ਹੋਈ । ਉਸ ਵਿਚ ਲਿਖਿਆ ਹੈ "ਗੁਰੂ ਗ੍ਰੰਥ ਸਾਹਿਬ ਵਾਕਿਆ ਧਰਮਸ਼ਾਲਾ ਮੁਤਜ਼ਿਮ ਬਾ-ਇਹਤਆਮ ਜੈਮਲ ਸਿੰਘ ਸਾਧ ਜੱਟ" । ਇਸ ਦੇ ਇੰਤਕਾਲ ਵਿਚ ਦਰਜ ਹੈ "ਭਾਈ ਜੈਮਲ ਸਿੰਘ ਨੂੰ ਇਹ ਜ਼ਮੀਨ ਰਹਿਣ ਜਾਂ ਬੈ ਕਰਨ ਦਾ ਹੱਕ ਹਾਸਲ ਨਹੀਂ ਹੈ । ਤਾਂਕਿ ਧਰਮਸ਼ਾਲਾ ਮੁਤੱਲਕਾ ਧਰਮਸ਼ਾਲਾ ਰਹੇਗੀ । ਬਲ ਸਰਾਂ ਪਿੰਡ ਦੇ ਜਿਨ੍ਹਾਂ ਮੁਖੀਆਂ ਨੇ

ਰਜਿਸਟ੍ਰੀ ਕਰਾਈ, ਉਨ੍ਹਾਂ ਦੇ ਨਾਮ ਹਨ ਲਾਲੂ ਨੰਬਰਦਾਰ, ਮਤਾਬ ਸਿੰਘ, ਭਾਨ ਸਿੰਘ, ਬੂੜ ਸਿੰਘ, ਸ਼ੇਰ ਸਿੰਘ ਅਤੇ ਗੁਰਦਿੱਤ ਸਿੰਘ । ਬਾਬਾ ਜੈਮਲ ਸਿੰਘ ਵੇਲੇ ਪਹਿਲਾਂ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ।

ਨਾ ਕਿਸੇ ਨੇ ਬਾਬਾ ਜੈਮਲ ਸਿੰਘ ਨੂੰ ਗੁਰਗੱਦੀ ਦਿੱਤੀ ਨਾ ਹੀ ਉਨ੍ਹਾਂ ਨੇ ਜੀਉਂਦੇ ਜੀ ਕਿਸੇ ਨੂੰ ਆਪਣੇ ਮੱਤ "ਰਾਧਾ ਸੁਆਮੀ" ਬਾਰੇ ਦੱਸਿਆ। ਬਲਕਿ ਆਪਣੀਆਂ ਲਿਖਤਾਂ ਦੀ ਆਰੰਭਤਾ "ੴ ਸਤਿਗੁਰ ਪ੍ਰਸਾਦਿ" ਦੇ ਮੰਗਲਾਚਰਣ ਨਾਲ ਕਰਦੇ ਰਹੇ ।

19●3 ਈ: ਵਿਚ ਬਾਬਾ ਜੈਮਲ ਸਿੰਘ ਦੇ ਦਿਹਾਂਤ ਪਿਛੋਂ ਬਾਬੂ ਸਾਵਣ ਸਿੰਘ ਪਿੰਡ ਮਹਿਮਾਂ ਸਿੰਘ ਵਾਲਾ, ਜ਼ਿਲਾ ਲੁਧਿਆਣਾ ਦੇ, ਜੋ ਐਮ.ਈ.ਐਸ. (Millitary Engineering Service) ਵਿਚ ਓਵਰ ਸੀਅਰ ਸਨ, ਰਾਧਾ ਸੁਆਮੀ ਮਤ ਦੇ ਦੂਸਰੇ ਗੁਰੂ ਬਣੇ ।

ਬਾਬੂ ਸਾਵਣ ਸਿੰਘ ਆਪਣੇ ਪਿਛੋਂ ਕ੍ਰਿਪਾਲ ਸਿੰਘ ਨੂੰ ਉਤਰ ਅਧਿਕਾਰੀ ਬਨਾਉਣਾ ਚਾਹੁੰਦੇ ਸਨ ਪਰ ਬਾਬੂ ਜੀ ਦੇ ਪੋਤੇ ਸ. ਚਰਨ ਸਿੰਘ ਨੇ ਰਾਧਾ ਸੁਆਮੀਆਂ ਵਿਚ ਜੱਟ ਗੈਰ ਜੱਟ ਦਾ ਮਸਲਾ ਖੜਾ ਕਰ ਕੇ ਰਿਟਾਇਰਡ ਪ੍ਰੋਫੈਸਰ ਜਗਤ ਸਿੰਘ ਨੂੰ ਗੁਰੂ ਐਲਾਨ ਕਰ ਦਿਤਾ । ਇਸ ਲਈ ਸ. ਕਿਰਪਾਲ ਸਿੰਘ ਨੇ "ਰੂਹਾਨੀ ਸਤਿ ਸੰਗ" ਨਾਉ ਦੀ ਗੱਦੀ ਦਿੱਲੀ ਵਿਚ ਚਲਾ ਲਈ । ਡੇਰੇ ਦਾ ਨਾਉਂ ਕ੍ਰਿਪਾਲ ਆਸ਼ਰਮ ਹੈ । 1951 ਵਿਚ ਜਗਤ ਸਿੰਘ ਦੇ ਮਰਨ ਪਿਛੋਂ ਸ. ਚਰਨ ਸਿੰਘ ਇਸ ਮੱਤ ਦੇ ਮੁਖੀ ਬਣੇ । ਉੱਧਰ ਪਿੰਡ ਵਾਲੇ ਕਈ ਸੱਜਣਾਂ ਨੇ ਪਾਰਟੀ ਬਣਾ ਕੇ ਦਾਅਵਾ ਕਰ ਦਿੱਤਾ, ਕਿਉਂਕਿ ਇਸ ਜਗਾ ਦੀ ਰਜਿਸਟਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਉਂ ਹੈ ਇਸ ਲਈ ਪੁਰਾਤਨ ਮਰਿਆਦਾ ਕਾਇਮ ਰੱਖੀ ਜਾਵੇ । ਚਰਨ ਸਿੰਘ ਨੇ ਅਦਾਲਤ ਵਿਚ ਲਿੱਖ ਕੇ ਦਿੱਤਾ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਮੰਨਦੇ ਇਸ ਲਈ ਬੀੜ ਚੁਕਵਾ ਦਿੱਤੀ ਹੈ।

ਬਾਬਾ ਜੈਮਲ ਸਿੰਘ ਦੇ ਇਕ ਹੋਰ ਚੇਲੇ ਬੱਗਾ ਸਿੰਘ ਨੇ ਆਪਣਾ ਵੱਖਰਾ ਡੇਰਾ ਤਰਨ ਤਾਰਨ ਸਾਹਿਬ ਬਣਾ ਲਿਆ । ਜੈਸਾ ਸੁਣਨ ਵਿਚ ਆਇਆ ਹੈ ਸਰਸੇ ਵਾਲੀ "ਸੱਚਾ ਸੋਦਾ" ਦੀ ਸ਼ਾਖ ਭੀ ਇਥੋਂ ਹੀ ਨਿਕਲੀ ਹੈ।

ਸ਼ਿਵਦਿਆਲ ਸਿੰਹੁ ਨੂੰ ਲੋਕ ਸੁਆਮੀ ਜੀ ਕਹਿੰਦੇ ਸਨ ਜੋ ਕਿ ਹਿੰਦੂਆਂ ਵਿਚ ਆਮ ਪ੍ਰਚੱਲਤ ਹੈ ਜਿਹਾ ਕਿ ਸੁਆਮੀ ਵਿਵੇਕਾ ਨੰਦ, ਸੁਆਮੀ ਰਾਮ ਤੀਰਥ, ਸੁਆਮੀ ਦਯਾ ਨੰਦ ਆਦਿ । ਰਾਧਾ ਇਨ੍ਹਾਂ ਦੀ ਪਤਨੀ ਦਾ ਨਾਮ ਸੀ । ਸੋ ਦੋਨਾਂ ਨੂੰ ਮਿਲਾ ਕੇ ਬਣ ਗਿਆ 'ਰਾਧਾ ਸੁਆਮੀ' । ਇਹ ਪ੍ਰਪਾਟੀ ਹਿੰਦੂਆਂ ਵਿਚ ਪਹਿਲਾਂ ਹੀ ਪ੍ਰਚੱਲਤ ਹੈ, ਜਿਹਾ ਕੇ ਸੀਤਾ ਰਾਮ, ਰਾਧੇ ਕ੍ਰਿਸ਼ਨ ਆਦਿ।

ਰਾਧਾ ਸੁਆਮੀਆਂ ਦਾ ਨਾਮ ਜਿਸ ਨੂੰ ਇਹ ਗੁਪਤ ਰੱਖਣ ਦਾ ਹੁਕਮ ਦਿੰਦੇ ਹਨ ਜਿਸ ਤਰ੍ਹਾਂ ਕੋਈ ਚੋਰੀ ਦਾ ਮਾਲ ਹੋਵੇ, ਉਹ ਇਹ ਪੰਜ ਅਖਰੀ ਨਾਮ ਹੈ :

(1) ਜੋਤਿ ਨਿਰੰਜਨ (2) ਓਅੰਕਾਰ (3) ਰਰੰਕਾਰ
(4) ਸੋਹੰ (5) ਸਤਿਨਾਮ

ਜੇ ਕੋਈ ਸਿੱਖ ਹੈ ਉਸ ਨੂੰ ਕਹਿਣਗੇ ਕਿ ਗੁਰਬਾਣੀ ਵਿਚੋਂ ਹੀ ਹੈ, ਹਿੰਦੂ ਨੂੰ ਕਹਿਣਗੇ ਹਿੰਦੂ ਗ੍ਰੰਥਾਂ ਵਿਚੋਂ ਹੈ, ਜੋਗੀ ਨੂੰ ਕਹਿਣਗੇ ਤੁਹਾਡਾ ਹੀ ਹੈ ਇਤਿਆਦ । ਭਾਵ ਐਸਾ ਚੋਗਾ ਪਾਓ ਕਿ ਸਾਰੇ ਪੰਛੀ ਫਸ ਜਾਣ । ਜੋਗੀਆਂ ਦੇ ਬੋਲ ਅਲੱਖ ਨਿਰੰਜਨ ਤੋਂ ਜੋਤ ਨਿਰੰਜਨ, ਵੇਦਾਂ ਵਿਚੋਂ ਓਅੰਕਾਰ, ਵੇਦਾਂਤ ਵਿਚੋਂ ਲੈ ਕੇ ਸੋਹੰ, ਆਪਣਾ ਮਨ ਘੜੰਤ ਰਰੰਕਾਰ ਅਤੇ ਸਿੱਖਾਂ ਨੂੰ ਭਰਮਾਉਣ ਲਈ ਸਤਿਨਾਮ ਹੈ ।

ਸਾਰੇ ਸੰਸਾਰ ਦੇ ਧਰਮਾ ਦਾ ਪ੍ਰਵਾਣਤ ਇਕ ਅੱਖਰੀ ਜਾਪ ਹੈ, ਅਲਾਹ, ਰਾਮ, ਓਅੰ, ਗੌਡ, ਵਾਹਿਗੁਰੂ ਆਦਿ ਪਰ ਇੱਥੇ ਸਭ ਨੂੰ ਭਰਮਾਉਣ ਵਾਲਾ ਪੰਜ ਅਖਰੀ ਨਾਮ ਹੈ ।

ਜੋ ਵਿਧੀ ਜਪਣ ਦੀ ਦੱਸਦੇ ਹਨ-ਅੱਖਾਂ ਬੰਦ ਕਰ ਲਵੋ, ਕੰਨਾਂ ਵਿਚ ਉਂਗਲੀਆਂ ਦੇ ਲਵੋ, ਨੱਕ ਦੀ ਸੀਧ ਵਿਚ ਤ੍ਰਿਕੁਟੀ ਦਾ ਧਿਆਨ ਧਰੋ, ਇਹ ਸਭ ਜੋਗ ਕ੍ਰਿਆ ਹੈ । ਅਜ ਕੱਲ ਟੀ.ਵੀ. ਤੇ ਸਾਰੇ ਦੇਸ਼ ਨੂੰ ਸੁਆਮੀ ਰਾਮ ਦੇਵ ਜੀ ਇਹੀ ਤਰੀਕਾ ਦੱਸ ਰਹੇ ਹਨ ਜੋ ਪਾਤੰਜਲ ਰਿਸ਼ੀ ਦਾ ਜੋਗ ਮਾਰਗ ਹੈ ।

ਲੱਤ ਕਿਸੇ ਦੀ, ਬਾਂਹ ਕਿਸੇ ਦੀ, ਪੈਰ ਕਿਸੇ ਕੋਲੋਂ, ਸਿਰ ਕਿਤੋਂ ਹੋਰ ਤੇ, ਬਣ ਗਿਆ ਰਾਧਾ ਸੁਆਮੀ ।

ਸਿੱਖਾਂ ਨੂੰ ਭਰਮਾਉਣ ਲਈ ਸਾਰੇ ਬਿਆਸਾ ਵਾਲੇ ਗੁਰੂਆਂ ਨੇ ਦਾੜ੍ਹੀ ਕੇਸ ਰੱਖੇ ਹੋਏ ਹਨ । ਹੁਣ ਵਾਲਾ ਗੁਰੂ ਪਹਿਲਾਂ ਦਾੜ੍ਹੀ ਕੱਟਦਾ ਸੀ ਫਿਰ ਚੇਲਿਆਂ ਨੇ ਸਮਝਾਇਆ ਕਿ ਕੋਈ ਸਿੱਖ ਨੇੜੇ ਨਹੀਂ ਆਵੇ ਗਾ ਤਾਂ ਦਾੜ੍ਹੀ ਵਧਾ ਲਈ । ਬਾਣੀ ਪੜ੍ਹਦੇ ਹਨ ਪਰ ਮਨ-ਮਰਜ਼ੀ ਦੇ ਅਰਥ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਨ ਲਈ । ਗੁਰਬਾਣੀ ਵਿਆਕਰਣ ਦਾ ਕੋਈ ਬੋਧ ਨਹੀਂ, ਗੁਰਬਾਣੀ ਦਾ ਉਚਾਰਣ ਲਗਾਂ ਮਾਤ੍ਰਾਂ ਅਨੁਸਾਰ ਸ਼ੁਧ ਨਹੀਂ । ਉਪਦੇਸ਼ ਵੇਲੇ ਕਹਿਣਗੇ ਗੁਰੂ ਨਾਨਕ ਸਚਾ ਪਾਤਸ਼ਾਹ ਦੀ ਬਾਣੀ ਆਹ ਦੱਸਦੀ ਹੈ, ਗੁਰੂ ਆਪ ਬਣਦੇ ਹਨ। ਉਂਜ ਕਹਿਣਗੇ ਬਾਣੀ ਤਾਂ ਦੁਆਈ ਦੇ ਇਕ ਨੁਸਖੇ ਵਾਂਗ ਹੈ ਦੁਆਈ ਵੈਦ ਕੋਲ ਹੁੰਦੀ ਹੈ ਇਸ ਲਈ ਨੁਸਖੇ (ਬਾਣੀ) ਨੂੰ ਵਾਰ-ਵਾਰ ਪੜ੍ਹਨ ਦਾ ਕੀ ਫਾਇਦਾ ਹੈ ? ਜੇ ਬਾਣੀ ਪੜ੍ਹੇ ਨਾਲ ਕੁਝ ਨਹੀਂ ਬਣਦਾ ਫਿਰ ਬਾਣੀ ਪੜ੍ਹਦੇ ਹੀ ਕਿਉਂ ਹਨ ?

ਆਪ ਉਚੀ ਜਗ੍ਹਾ ਬੈਠ ਕੇ ਨੀਵੀਂ ਜਗਾ ਤੇ ਬੈਠ ਕੇ ਸੇਵਕ ਬਾਣੀ ਪੜ੍ਹਦਾ ਹੈ ਉਸ ਨੂੰ ਗੁਰੂ ਨਾਨਕ ਸਚੇ ਪਾਤਸ਼ਾਹ ਦੀ ਬਾਣੀ ਕਹਿੰਦੇ ਹਨ ਜਦ ਕਿ ਬਾਣੀ ਦੇ ਰਚੈਤਾ ਪੰਚਮ ਪਿਤਾ ਗੁਰਬਾਣੀ ਤੋਂ ਨੀਵਾਂ ਬੈਠਦੇ ਰਹੇ । ਸੇਵਕ ਐਲਾਨ ਕਰਦਾ ਹੈ "ਬਾਣੀ ਭਾਈ ਨੰਦ ਲਾਲ ਜੀ ਦੀ" ਪਰ ਸਭ ਨੂੰ ਪਤਾ ਹੈ ਭਾਈ ਨੰਦ ਲਾਲ ਜੀ ਨੇ ਸਵਾਇ ਤਨਖਾਹ ਨਾਮਾ (ਸਿਖੀ ਰਹਿਤ) ਤੋਂ ਕੁਝ ਭੀ ਪੰਜਾਬੀ ਵਿਚ ਨਹੀਂ ਲਿਖਿਆ, ਸਭ ਫ਼ਾਰਸੀ ਵਿਚ ਹੈ ।

ਦੋ ਸੌ ਸਾਲ ਵਿਚ ਆਪਣੀ ਪਹਿਚਾਣ ਨਹੀਂ ਬਣਾ ਸਕੇ । ਕੋਈ ਨਿਤਨੇਮ ਨਹੀਂ, ਕੋਈ ਰਹਿਤ ਨਹੀਂ । ਰਾਧਾ ਸੁਆਮੀ ਮੱਤ ਦੇ ਬਾਨੀ ਸਿਗਰਟ ਬੀੜੀ ਪਾਨ ਖਾਂਦੇ ਰਹੇ । ਆਗਰੇ, ਅਲਾਹਾਬਾਦ ਅਤੇ ਬਨਾਰਸ ਵਿਖੇ ਕੋਈ ਮਨ੍ਹਾ ਨਹੀਂ ਕਰਦਾ । ਪੰਜਾਬ ਕਿਉਂਕਿ ਸਿੱਖੀ ਦਾ ਘਰ ਹੈ ਅਤੇ ਬਿਆਸਾ ਵਾਲੇ ਸਿੱਖੀ ਘਰਾਣਿਆਂ ਵਿਚੋਂ ਹਨ ਇਸ ਲਈ ਸਿਖਾਂ ਨੂੰ ਭਰਮਾਉਣ ਲਈ ਤਮਾਕੂ ਮਨ੍ਹਾ ਹੈ ।

ਕਿਸੇ ਦੇ ਘਰ ਮਿਲਣ ਜਾਓ ਬਾਹਰ ਨੇਮ ਪਲੇਟ ਸਿਖੀ ਨਾਉਂ ਦੀ ਹੈ, ਦੇਖੋ ਤਾਂ ਸ਼ਕਲ ਸਿੱਖ ਵਾਲੀ ਹੈ । ਬਾਣੀ ਗੁਰੂ ਦੀ ਪੜ੍ਹਦੇ ਹਨ । ਜੋ ਪੁੱਛੋ ਤਾਂ

ਰਾਧਾ ਸੁਆਮੀ ਹਾਂ । ਮੈਂ ਅੱਜ ਤੱਕ ਕੋਈ ਸਿੱਖੀ ਸਰੂਪ ਵਾਲਾ ਰਾਧਾ ਸੁਆਮੀ 'ਸਾਰ ਬਚਨ' ਸ਼ਿਵਦਿਆਲ ਸਿੰਹੁ ਦੀ ਲਿਖੀ ਪੁਸਤਕ ਪੜ੍ਹਦਾ ਨਹੀਂ ਦੇਖਿਆ।

ਜੇ ਕੋਈ ਰਾਧਾ ਸੁਆਮੀ ਗ਼ਲਤ ਕੰਮ ਕਰੇ, ਸਿੱਖੀ ਸਰੂਪ ਹੋਣ ਦੇ ਨਾਤੇ ਸਿੱਖ ਨੇ ਕੀਤਾ ਹੈ । ਜੇ ਚੰਗਾ ਕੰਮ ਕਰੇ ਰਾਧਾ ਸੁਆਮੀ ਨੇ ਕੀਤਾ ਹੈ । ਮਰਨੇ ਪਰਨੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਹੈ । ਮਕਾਨ ਦੀ ਚੱਠ ਕਰਨੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੋ, ਸਮਾਜਕ ਕੰਮ ਲਈ ਭਾਂਡੇ ਬਿਸਤਰੇ ਗੁਰਦੁਆਰੇ ਤੋਂ, ਵੈਸੇ ਅਸੀਂ ਰਾਧਾ ਸੁਆਮੀ ਹਾਂ । ਹੁਣ ਤੱਕ ਦੇਸ਼ ਕੌਮ ਲਈ ਕੀ ਕੀਤਾ ਹੈ ਰਾਧਾ ਸੁਆਮੀਆਂ ਨੇ ? ਬਲਕਿ ਰਾਇ ਬਹਾਦਰੀਆਂ ਅਤੇ ਸਰ ਦੇ ਖਿਤਾਬ ਅੰਗ੍ਰੇਜ਼ਾਂ ਤੋਂ ਲਿੱਤੇ ਹਨ ਜਾਂ ਭਾਰਤ ਸਰਕਾਰ ਦੀ ਚਾਪਲੂਸੀ ਕਰਦੇ ਆ ਰਹੇ ਹਨ ।

ਨਾਮ ਜਪਣ, ਧਰਮ ਦੀ ਕਿਰਤ ਅਤੇ ਵੰਡ ਛੱਕਣ ਦਾ ਸੰਕਲਪ ਗੁਰੂ ਘਰ ਦਾ ਹੈ । ਜੋ ਸਮਾਜਕ ਹਸਪਤਾਲ ਆਦਿ ਬਣਾ ਰਹੇ ਹਨ, ਅੱਜ ਦੇ ਜੁਗ ਵਿਚ ਇਨ੍ਹਾਂ ਦੀ ਮਜਬੂਰੀ ਹੈ । ਗੁਰੂ ਸਾਹਿਬ ਨੇ ਜਦੋਂ ਜਾਤ ਪਾਤ, ਇਸਤਰੀ ਦੇ ਬਰਾਬਰ ਹੱਕਾਂ ਦੀ ਅਤੇ ਨਾਮ ਜਪਣ ਦੀ ਗੱਲ ਕੀਤੀ ਉਦੋਂ ਇਸ ਦੇਸ਼ ਲਈ ਇਕ ਚਮਤਕਾਰ ਸੀ । ਸਾਰਾ ਦੇਸ਼ ਦੇਵੀ ਦੇਵਤੇ, ਅਖੌਤੀ ਭਗਵਾਨਾਂ ਦੀ ਪੂਜਾ, ਮੂਰਤੀ ਪੂਜਾ, ਤੀਰਥਾਂ ਦੇ ਇਸ਼ਨਾਨ, ਦਰਖਤਾਂ, ਸੱਪਾਂ ਦੀ ਪੂਜਾ ਵਿਚ ਫਸਿਆ ਹੋਇਆ ਸੀ । ਸੰਸਾਰ ਨੂੰ ਕੀ ਨਵੀਂ ਚੀਜ਼ ਰਾਧਾ ਸੁਆਮੀ ਮੱਤ ਨੇ ਦਿੱਤੀ ਹੈ ?

ਖਾਓ ਪੀਓ ਆਪਣਾ ਜਸ ਗਾਉ ਹਮਾਰਾ ।

ਇਨ੍ਹਾਂ ਦੀ ਪੁਸਤਕ ਸਾਰ ਬਚਨ ਵਿਚ ਲਿਖਿਆ ਹੈ :

ਪਿਛਲੋਂ ਕੀ ਤਜ ਟੇਕ, ਤੇਰੇ ਭਲੇ ਕੀ ਕਹੂੰ ।
ਵਕਤ ਗੁਰੂ ਕੀ ਮਾਨ, ਤੇਰੇ ਭਲੇ ਕੀ ਕਹੂੰ ।

ਭਾਵ, ਜੋ ਪਹਿਲਾਂ ਗੁਰੂ ਹੋ ਚੁੱਕੇ, ਉਨ੍ਹਾਂ ਦੀ ਟੇਕ ਛੱਡ ਦੇ ਅਤੇ ਜਿਹੜਾ ਹੁਣ ਵਕਤ ਦਾ ਗੁਰੂ ਹੈ ਉਸ ਨੂੰ ਮੰਨ, ਮੈਂ ਤੇਰੇ ਭਲੇ ਦੀ ਕਹਿੰਦਾ ਹਾਂ। ਜੇ ਪਹਿਲਿਆਂ ਨੂੰ ਨਹੀਂ ਮੰਨਦਾ ਤਾਂ ਸ਼ਿਵਦਿਆਲ ਸਿਹੁੰ ਦੀ ਸਮਾਧੀ ਆਗਰੇ ਕਿਉਂ ਬਣਾ ਰਹੇ ਹਨ ਜਿਸ ਦੇ ਹੁਣ ਤੱਕ ਕੋਈ ਕਰੋੜ ਰੁ: ਲੱਗ ਚੁੱਕਾ ਹੈ । ਫਿਰ ਹੁਣ ਵਾਲਾ ਵਕਤ ਗੁਰੂ ਮਰ ਗਿਆ ਫਿਰ ਹੋਰ ਕਰਨਾ ਪਵੇਗਾ । ਪਰ ਗੁਰਬਾਣੀ ਕਹਿ ਰਹੀ ਹੈ ।

ਸੋ ਗੁਰ ਕਰਹੁ ਜਿ ਬਹੁਰ ਨ ਕਰਨਾ ॥
ਸੋ ਪਦੁ ਰਵਹੁ ਜਿ ਬਹੁਰ ਨ ਰਵਨਾ ॥ ਅੰਕ ੩੨੮॥

ਨਾਲ ਹੀ ਗੁਰਬਾਣੀ ਦੱਸ ਰਹੀ ਹੈ :

ਜੰਮਣੁ ਮਰਣੁ ਨ ਤਿਨੑ ਕਉ ਜੋ ਹਰਿ ਲੜਿ ਲਾਗੇ ॥
ਅੰਕ ੩੨੨ ॥

ਨਾ ਓਹ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨਿ ਮਾਹਿ ॥ ਅੰਕ ੮ ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਅੰਕ ੭੪੯ ॥

ਸੋ ਗੁਰੂ ਸਾਹਿਬ ਨੂੰ ਮਰ ਗਿਆ ਕਹਿਣ ਵਾਲੇ ਭ੍ਰਿਸ਼ਟ ਬੁਧੀ ਦੇ ਮਾਲਿਕ ਹਨ । ਮਰਦਾ ਸਰੀਰ ਹੈ "ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਇਯੋ" ਦੀ ਜੋਤਿ ਹੁਣ ਭੀ ਸਿੱਖਾਂ ਦੀਆਂ ਅਰਦਾਸਾਂ ਸੁਣਦੀ ਹੈ ।

ਰਾਧਾ ਸੁਆਮੀਆਂ ਦੇ ਗੁਰੂ ਨੂੰ ਅਸੀਂ ਪੁਛਣਾ ਚਾਹੁੰਦੇ ਹਾਂ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਨਿਰਮਲ ਪੰਥ ਵਿਚ ਕੀ ਘਾਟ ਹੈ ਜੋ ਤੁਸੀਂ ਨਵਾਂ ਮੱਤ ਤੋਰਿਆ ਹੈ ਅਤੇ ਤੁਸੀਂ ਕਿਹੜੀ ਨਵੀਂ ਚੀਜ਼ ਸੰਸਾਰ ਨੂੰ ਦਿੱਤੀ ਹੈ। ਸਾਡੀ ਕਾਲੋਨੀ ਦੇ ਦੋ ਸੱਜਣ ਪਹਿਲਾਂ ਗੁਰੂ ਘਰ ਆਉਂਦੇ ਸਨ ਪਰ ਲੋਕਾਂ ਦੇ ਬਹਿਕਾਵੇ ਵਿਚ ਆ ਕੇ ਬਿਆਸਾ ਵਾਲਿਆਂ ਤੋਂ ਨਾਮ ਲੈ ਲਿੱਤਾ ਅਤੇ ਗੁਰੂ ਘਰ ਆਉਣਾ ਛੱਡ ਦਿੱਤਾ । ਸ਼ਾਇਦ ਇਸ ਖ਼ਿਆਲ ਨਾਲ ਕਿ ਉੱਥੇ ਕੋਈ ਜਾਦੂ ਦੀ ਛੜੀ ਘੁਮਾਉਂਦੇ ਹਨ ਜਿਸ ਨਾਲ ਕਪਾਟ ਖੁਲ੍ਹ ਜਾਂਦੇ ਹਨ । ਇਕ ਸਾਲ ਪਿੱਛੋਂ ਮੈਂ ਜਾ ਕੇ ਪੁਛਿਆ ਕਿ ਕਿੰਨੀ ਕੁ ਆਤਮਕ ਤਰੱਕੀ ਹੋ ਗਈ । ਉੱਤਰ ਵਿਚ ਕਹਿਣ ਲੱਗੇ ਜੀ ਸਾਡੀ ਕਿਸਮਤ ਵਿਚ ਕਿੱਥੇ ਬੜਾ ਔਖਾ ਕੰਮ ਹੈ । ਪਰ ਪ੍ਰਾਪੇਗੰਡਾ ਇਨਾਂ ਜ਼ਿਆਦਾ ਹੈ ਅੱਖਾਂ ਮੀਚ ਕੇ ਭੀੜਾਂ ਦੀਆਂ ਭੀੜਾਂ ਤੁਰੀ ਜਾ ਰਹੀਆਂ ਹਨ ।

❖❖❖

# ਅਸਲੀ

## ਨਿਰੰਕਾਰੀ

ਮਹਾਨ ਕੋਸ਼ ਦੇ ਪੰਨਾ 714 ਅਨੁਸਾਰ ਨਿਰੰਕਾਰੀ ਸੰਪ੍ਰਦਾਇ ਦੇ ਮੋਢੀ ਭਾਈ ਦਿਆਲ ਜੀ ਦਾ ਜਨਮ, ਸਹਿਜਧਾਰੀ ਸਿੱਖ ਗੁਰ ਸਹਾਇ ਦੇ ਘਰ ਮਾਤਾ ਲਾਡਿਕੀ ਦੇ ਉਦਰ ਤੋਂ ਸੰਨ 1783 ਵਿਚ ਪਸ਼ੌਰ (ਪਾਕਿਸਤਾਨ) ਵਿਚ ਹੋਇਆ। ਤੀਹ ਸਾਲ ਦੀ ਉਮਰ ਵਿਚ ਭਾਈ ਦਿਆਲ ਜੀ ਦੀ ਮਾਤਾ ਸੁਰਗਵਾਸ ਹੋਣ ਤੇ ਇਹ ਆਪਣੇ ਮਾਮੇ ਮਿਲਖਾ ਸਿੰਘ ਪਾਸ ਰਾਵਲਪਿੰਡੀ (ਪਾਕਿਸਤਾਨ) ਆ ਗਏ।

ਦਿਆਲ ਜੀ ਦੀ ਸ਼ਾਦੀ ਭੇਰੇ ਦੀ ਬੀਬੀ ਮੂਲਾ ਦੇਈ ਨਾਲ ਹੋਈ। ਇਨ੍ਹਾਂ ਦੇ ਘਰ ਤਿੰਨ ਪੁਤਰ ਦਰਬਾਰਾ ਸਿੰਘ, ਭਾਗ ਸਿੰਘ ਅਤੇ ਰੱਤਾ ਜੀ ਪੈਦਾ ਹੋਏ। ਆਪਣੇ ਮਾਮਾ ਜੀ ਦੀ ਪ੍ਰੇਰਨਾ ਸਦਕਾ ਬਾਬਾ ਦਿਆਲ ਜੀ ਨੇ ਸਿੱਖੀ ਪ੍ਰਚਾਰ ਦੀ ਲਹਿਰ ਚਲਾਈ। ਇਹ ਆਪ "ਨਿਰੰਕਾਰ" ਸ਼ਬਦ ਦਾ ਜਾਪ ਕਰਦੇ ਰਹਿੰਦੇ ਸਨ ਨਾਲ ਹੀ ਆਪਣੀ ਸੰਗਤ ਨੂੰ ਉਪਦੇਸ਼ਦੇ ਸਨ

ਜਪੋ ਪਿਆਰਿਓ ਧੰਨ ਨਿਰੰਕਾਰ।
ਦੇਹਧਾਰੀ ਸਭ ਖੁਆਰ।

ਬਾਬਾ ਦਿਆਲ ਜੀ ਮੂਰਤੀ ਪੂਜਾ, ਪਿਤ੍ਰ ਪੂਜਾ ਅਤੇ ਸ਼ਰਾਧ ਆਦਿ ਦੇ ਸਨਾਤਨੀ ਸੰਸਕਾਰਾਂ ਦੇ ਸਖ਼ਤ ਵਿਰੋਧੀ ਸਨ। ਇਸੇ ਤਰ੍ਹਾਂ ਬਾਬਾ ਜੀ ਨੇ ਗੁਰਮਤਿ ਅਨੁਸਾਰ ਆਨੰਦ ਕਾਰਜ ਕਰ ਕੇ ਲੜਕੇ ਲੜਕੀ ਦਾ ਵਿਆਹ ਕਰਾਉਣ ਦਾ ਬੀੜਾ ਚੁਕਿਆ।

ਬਾਬਾ ਜੀ ਨੇ ਇਕ ਗੁਰਦੁਆਰਾ ਰਾਵਲਪਿੰਡੀ ਬਣਾਇਆ ਜੋ "ਪਿਸ਼ੌਰੀਆਂ ਦਾ ਗੁਰਦੁਆਰਾ" ਕਰਕੇ ਮਸ਼ਹੂਰ ਹੋਇਆ। ਇੱਥੇ ਆਪ ਨੇ ਪੂਰਨ ਗੁਰਮਤਿ ਅਨੁਸਾਰ ਕਥਾ, ਕੀਰਤਨ ਅਤੇ ਲੰਗਰ ਦੀ ਮਰਿਆਦਾ ਚਲਾਈ ਅਤੇ ਬਾਬਾ ਜੀ ਦਾ ਜਸ ਦੂਰ ਦੂਰ ਤੱਕ ਫੈਲ ਗਿਆ।

ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਜੀ ਰਾਵਲਪਿੰਡੀ ਆਏ ਤਾਂ ਬਾਬਾ ਜੀ ਦਾ ਜਸ ਸੁਣ ਕੇ ਦਰਸ਼ਨ ਕਰਨ ਗਏ ਅਤੇ ਪੱਕੀ ਜਾਗੀਰ ਗੁਰਦੁਆਰੇ ਦੇ ਨਾਉਂ ਲਗਾ ਦਿੱਤੀ ਜੋ 1947 ਤੱਕ ਮਿਲਦੀ ਰਹੀ।

ਗੁਰਮਤਿ ਦੇ ਪ੍ਰਚਾਰ ਕਾਰਨ ਬਾਬਾ ਜੀ ਦੀ ਬਰਾਦਰੀ ਦੇ ਸਨਾਤਨੀ ਖਿਆਲਾਂ ਦੇ ਬੰਦੇ ਇਨ੍ਹਾਂ ਦੇ ਵਿਰੋਧੀ ਹੋ ਗਏ ਅਤੇ ਪਿਸ਼ੌਰੀਆਂ ਦੇ ਗੁਰਦੁਆਰੇ ਪ੍ਰਚਾਰ ਕਰਨੋ ਮਨ੍ਹਾਂ ਕਰ ਦਿੱਤਾ । ਇਸ ਲਈ ਇਨ੍ਹਾਂ 1851 ਈ: ਵਿਚ ਸ਼ਹਿਰ ਦੇ ਬਾਹਰਵਾਰ ਜ਼ਮੀਨ ਦਾ ਇਕ ਟੁਕੜਾ ਲੈ ਕੇ ਗੁਰਦੁਆਰਾ ਬਣਾ ਕੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਨਿਰੰਕਾਰ ਦਾ ਪ੍ਰਚਾਰ ਕਰਨ ਕਰਕੇ ਇਨ੍ਹਾਂ ਦੀ ਸੰਗਤ ਦਾ ਨਾਉ "ਨਿਰੰਕਾਰੀ" ਪੈ ਗਿਆ ।

ਬਾਬਾ ਦਿਆਲ ਜੀ 30 ਜਨਵਰੀ 1855 ਨੂੰ ਪਰਲੋਕ ਪਿਆਨਾ ਕਰ ਗਏ । ਉਨ੍ਹਾਂ ਪਿਛੋਂ ਇਨ੍ਹਾਂ ਦੇ ਵੱਡੇ ਪੁਤਰ ਬਾਬਾ ਦਰਬਾਰਾ ਸਿੰਘ ਜੀ ਸਿੱਖੀ ਪ੍ਰਚਾਰ ਦੀ ਸੇਵਾ ਕਰਦੇ ਰਹੇ । ਬਾਬਾ ਜੀ ਦਾ ਦੇਹਾਂਤ 1870 ਈ. ਵਿਚ ਹੋ ਜਾਣ ਤੇ ਇਨ੍ਹਾਂ ਦੇ ਛੋਟੇ ਭਾਈ, ਭਾਈ ਰੱਤਾ ਜੀ ਨੇ ਪ੍ਰਚਾਰ ਦੀ ਸੇਵਾ ਸੰਭਾਲੀ ।

ਮਾਝੇ ਵਿਚ ਸਿੰਘ ਸਭਾ ਲਹਿਰ ਅਤੇ ਚੀਫ ਖਾਲਸਾ ਦੀਵਾਨ ਜੇਹੀਆਂ ਸੰਸਥਾਵਾਂ ਨੇ ਸਿੱਖਾਂ ਵਿਚ ਸਿਖੀ ਚੇਤਨਾ ਦਾ ਪ੍ਰਸਾਰ ਕੀਤਾ ਇਨ੍ਹਾਂ ਦੇ ਮੁਖੀਆਂ, ਠਾਕੁਰ ਸਿੰਘ ਸੰਧਾਵਾਲੀਏ, ਸ. ਅਤਰ ਸਿੰਘ ਭਦੌੜ ਅਤੇ ਭਾਈ ਗੁਰਮੁਖ ਸਿੰਘ ਆਦਿ ਨਾਲ ਬਾਬਾ ਜੀ ਦੇ ਗੂੜ੍ਹੇ ਸੰਬੰਧ ਰਹੇ ਹਨ ।

1909 ਵਿਚ ਬਾਬਾ ਰੱਤਾ ਜੀ ਦੇ ਸਵਰਗ ਸਿਧਾਰ ਜਾਣ ਤੇ ਉਨ੍ਹਾਂ ਦੇ ਸਪੁੱਤਰ ਬਾਬਾ ਗੁਰਦਿਤ ਸਿੰਘ ਜੀ ਨਿਰੰਕਾਰੀ ਸਤਸੰਗ ਦੇ ਮੁਖੀ ਬਣੇ । ਆਪ ਨੇ ਨਿਰੰਕਾਰੀ ਦਰਬਾਰ ਦੀ ਸੁੰਦਰ ਇਮਾਰਤ ਬਣਾਈ, ਨਿਰੰਕਾਰੀ ਯੁਵਕ ਸੇਵਾ ਦਲ ਦੀ ਸੰਸਥਾ ਬਣਾਈ ਅਤੇ ਟ੍ਰੈਕਟਾਂ ਰਾਹੀਂ ਸਿੱਖੀ ਪ੍ਰਚਾਰ ਦੀ ਸੇਵਾ ਸ਼ੁਰੂ ਕੀਤੀ । ਮਾਰਚ 1947 ਵਿਚ ਬਾਬਾ ਜੀ ਦੀ ਚੜ੍ਹਾਈ ਪਿਛੋਂ ਇਨ੍ਹਾਂ ਦੇ ਸਪੁਤਰ ਬਾਬਾ ਹਰਾ ਸਿੰਘ ਜੀ ਨੇ ਮਿਸ਼ਨ ਦੀ ਵਾਗ ਡੋਰ ਸੰਭਾਲੀ ।

ਬਾਬਾ ਹਰਾ ਸਿੰਘ ਜੀ ਪਵਿੱਤ੍ਰ ਅਤੇ ਸਾਦਾ ਜੀਵਨ ਵਾਲੇ ਪੂਰਨ ਤੌਰ ਤੇ ਗੁਰਮਤਿ ਦੇ ਅਨੁਆਈ ਸਨ । 1947 ਦੀ ਦੇਸ਼ ਵੰਡ ਵੇਲੇ ਆਪ ਨੇ ਚੰਡੀਗੜ੍ਹ 21 ਸੈਕਟਰ ਵਿਚ ਨਿਰੰਕਾਰੀ ਦਰਬਾਰ ਦੀ ਬਿਲਡਿੰਗ ਬਣਾ ਕੇ ਸਿੱਖੀ ਪ੍ਰਚਾਰ ਸ਼ੁਰੂ ਕੀਤਾ । ਆਪ ਜੀ ਦੇ ਚਾਰ ਸਪੁਤਰ ਬਾਬਾ ਗੁਰਬਖਸ਼ ਸਿੰਘ, ਡਾਕਟਰ ਮਾਨ ਸਿੰਘ (ਇਨ੍ਹਾਂ ਦੇ ਲੇਖ ਟ੍ਰੀਬਿਊਨ ਵਿਚ ਆਮ ਆਉਂਦੇ ਰਹਿੰਦੇ ਹਨ), ਸ. ਅਵਤਾਰ ਸਿੰਘ ਅਤੇ ਸ. ਸੁਰਿੰਦਰ ਸਿੰਘ ਹਨ ।

ਬਾਬਾ ਹਰਾ ਸਿੰਘ ਜੀ ਦੇ ਅਕਾਲ ਚਲਾਣੇ ਪਿਛੋਂ ਅੱਜ ਕੱਲ੍ਹ ਬਾਬਾ ਗੁਰਬਖਸ਼ ਸਿੰਘ ਨਿਰੰਕਾਰੀ ਮਿਸ਼ਨ ਦੀ ਸੇਵਾ ਕਰਾ ਰਹੇ ਹਨ । ਆਪ ਪੂਰਨ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹਨ । ਹਰ ਸਾਲ ਜਨਵਰੀ ਦੇ ਮਹੀਨੇ ਬਾਬਾ ਦਿਆਲ ਜੀ ਦਾ ਦਿਹਾੜਾ ਮਨਾਇਆ ਜਾਂਦਾ ਹੈ ਅਤੇ ਗੁਰਪੁਰਬਾਂ ਮੌਕੇ ਖਾਲਸਾਈ ਨਿਸ਼ਾਨ ਸਾਹਿਬ ਹੇਠ ਨਗਰ ਕੀਰਤਨ ਵਿਚ ਸ਼ਾਮਲ ਹੁੰਦੇ ਹਨ । ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦਾ ਪਾਠ, ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਹੈ ।

❖❖❖

# ਨਕਲੀ ਨਿਰੰਕਾਰੀ

ਗੁਰਮਤਿ ਨੂੰ ਪਰਨਾਈ ਨਿਰੰਕਾਰੀ ਸੰਸਥਾ ਦਾ ਪਿਛੋਕੜ ਦੱਸ ਕੇ ਹੁਣ ਅਸੀਂ ਨਕਲੀ ਨਿਰੰਕਾਰੀ ਦਾ ਪਾਜ ਉਘੇੜਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਜੋ ਪਾਠਕ ਸਹੀ ਤੱਥਾਂ ਤੋਂ ਜਾਣੂ ਹੋ ਸਕਣ ।

ਨਕਲੀ ਨਿਰੰਕਾਰੀ ਮਿਸ਼ਨ ਦੇ ਸੰਚਾਲਕ ਬੂਟਾ ਸਿੰਘ ਦਾ ਜਨਮ 1873 ਈ. ਵਿਚ ਬਾਬਾ ਰੱਤਾ ਜੀ ਨਿਰੰਕਾਰੀ ਦੇ ਇਕ ਪ੍ਰੇਮੀ ਭਾਈ ਬਿਸ਼ਨ ਸਿੰਘ ਦੇ ਘਰ ਪਿੰਡ ਅਧਵਾਲ, ਜ਼ਿਲਾ ਕੈਂਬਲਪੁਰ ਵਿਚ ਹੋਇਆ । ਇਸ ਦੇ ਤਿੰਨ ਭਰਾ ਸੰਤ ਸਿੰਘ, ਸੋਭਾ ਸਿੰਘ ਅਤੇ ਬਚਨ ਸਿੰਘ ਸਨ । ਬੂਟਾ ਸਿੰਘ ਤੋਂ ਇਲਾਵਾ ਬਾਕੀ ਤਿੰਨੇ ਭਰਾ ਪੂਰਨ ਗੁਰਸਿੱਖੀ ਵੀਚਾਰਧਾਰਾ ਦੇ ਹਾਮੀ ਸਨ ।

ਸੰਨ 19●2 ਵਿਚ ਬੂਟਾ ਸਿੰਘ ਫੌਜ ਵਿਚ ਭਰਤੀ ਹੋ ਗਿਆ । ਪਰ ਅੱਠ ਨੌਂ ਸਾਲ ਨੌਕਰੀ ਕਰ ਕੇ ਨਾਉਂ ਕਟਵਾ ਕੇ ਘਰ ਆ ਗਿਆ ।

ਬੂਟਾ ਸਿੰਘ ਨੇ 1911 ਵਿਚ ਰਾਵਲਪਿੰਡੀ ਵਿਚ ਛੋਟੀ ਜਿਹੀ ਦੁਕਾਨ ਕਿਰਾਏ ਤੇ ਲੈ ਕੇ ਲੋਕਾਂ ਦੀਆਂ ਲੱਤਾਂ ਬਾਹਾਂ ਦੇ ਉਪਰ ਨਾਉਂ ਉਕਰਨ ਅਤੇ ਫੁੱਲ ਬੂਟੇ ਪਾਉਣ ਦਾ ਕੰਮ ਸ਼ੁਰੂ ਕੀਤਾ । ਫਿਰ 1923 ਵਿਚ ਸ਼ਰਾਬ ਦਾ ਠੇਕਾ ਲੈ ਲਿਆ । ਉਸ ਪਿਛੋਂ 1925-26 ਵਿਚ ਰਾਵਲਪਿੰਡੀ ਦੇ ਵਿਚ ਹੀ ਬਜ਼ਾਰ ਕਸੇਰਿਆਂ ਵਿਚ ਅਫੀਮ ਦਾ ਠੇਕਾ ਵੀ ਲੈ ਲਿਆ ।

ਫੌਜ ਦੀ ਨੌਕਰੀ ਵੇਲੇ ਕੁਸੰਗਤ ਕਾਰਨ ਬੂਟਾ ਸਿੰਘ ਨੂੰ ਸ਼ਰਾਬ ਪੀਣ ਦੀ ਆਦਤ ਪੈ ਗਈ ਸੀ। ਕਿਉਂਕਿ ਬੂਟਾ ਸਿੰਘ ਦਾ ਪਿਤਾ ਨਿਰੰਕਾਰੀ ਦਰਬਾਰ ਨਾਲ ਜੁੜਿਆ ਹੋਇਆ ਸੀ, ਇਸ ਲਈ ਬੂਟਾ ਸਿੰਘ ਆਪ ਭੀ ਕਦੇ ਕਦੇ ਜਾ ਕੇ ਕੀਰਤਨ ਲਈ ਸ਼ਬਦ ਪੜ੍ਹਦਾ ਹੁੰਦਾ ਸੀ । ਪਹਿਲਾਂ ਪਹਿਲ ਸ਼ਰਾਬ ਘੱਟ ਪੀਂਦਾ ਸੀ ਫਿਰ ਠੇਕਾ ਲੈਣ ਕਰ ਕੇ ਸ਼ਰਾਬ ਦੀ ਲੱਤ ਜ਼ਿਆਦਾ ਵੱਧ ਗਈ ।

ਇਕ ਵਾਰੀ ਇਹ ਸ਼ਰਾਬ ਪੀ ਕੇ ਨਿਰੰਕਾਰੀ ਦਰਬਾਰ ਵਿਚ ਕੀਰਤਨ ਕਰ ਰਿਹਾ ਸੀ ਕਿ ਸੰਗਤਾਂ ਨੂੰ ਪਤਾ ਲੱਗ ਗਿਆ । ਇਸ ਨੂੰ ਸੰਗਤ ਵਿਚੋਂ ਕੱਢ ਦਿੱਤਾ ਗਿਆ । ਰਾਵਲਪਿੰਡੀ ਵਿਚ ਵਿਰੋਧਤਾ ਵੱਧ ਜਾਣ ਕਾਰਨ ਇਹ ਪਿਸ਼ੌਰ

ਚਲਾ ਗਿਆ । ਇਥੇ ਇਸ ਦੀ ਮੁਲਾਕਾਤ ਅਵਤਾਰ ਸਿੰਘ ਨਾਲ ਹੋ ਗਈ ਜੋ ਆਪ ਸ਼ਰਾਬ ਅਤੇ ਮਾਸ ਦਾ ਸ਼ੁਕੀਨ ਸਿੰਘ । ਆਮ ਕਹਾਵਤ ਹੈ :-

"ਕੰਨੀ ਬਾਟੀ ਕੁਰਰ ਤੂੰ ਮੇਰਾ ਚੇਲਾ ਮੈ ਤੇਰਾ ਗੁਰ"

ਸੋ ਬੂਟਾ ਸਿੰਘ ਨੇ ਅਵਤਾਰ ਸਿੰਘ ਨਾਲ ਮਿਲ ਕੇ ਨਕਲੀ ਨਿਰੰਕਾਰੀ ਦਰਬਾਰ ਦਾ ਢਾਂਡਸ ਖੜਾ ਕਰ ਲਿਆ । 1943 ਈ. ਵਿਚ ਸੁਜ਼ਾਕ ਦੀ ਬੀਮਾਰੀ ਅਤੇ ਪੇਟ ਵਿਚ ਪਾਣੀ ਭਰਨ ਨਾਲ ਬੂਟਾ ਸਿੰਘ ਦੀ ਮੌਤ ਹੋ ਗਈ । ਉਸ ਦਾ ਕੋਈ ਭਰਾ ਉਸ ਦੇ ਅੰਤਿਮ ਸਮੇਂ ਨਹੀਂ ਪੁੱਜਾ । ਥੋੜੇ ਜਿਹੇ ਹਮ ਪਿਆਲਾ ਬੰਦਿਆਂ ਨੇ ਅਰਥੀ ਚੁੱਕ ਕੇ ਸਸਕਾਰ ਕਰ ਦਿੱਤਾ । ਇਸ ਵੇਲੇ ਠਾਕਰ ਦਾਸ ਨਾਮੀ ਬੰਦੇ ਨੇ ਅਰਥੀ ਤੋਂ ਹਾਰ ਚੁੱਕ ਕੇ ਅਵਤਾਰ ਸਿੰਘ ਦੇ ਗਲ ਵਿਚ ਪਾ ਕੇ ਐਲਾਨ ਕਰ ਦਿੱਤਾ ਕਿ ਅਗੇ ਤੋਂ ਅਵਤਾਰ ਸਿੰਘ ਮੁੱਖੀ ਹੋਵੇਗਾ।

ਨਕਲੀ ਨਿਰੰਕਾਰੀ ਗੁਰੂ ਅਵਤਾਰ ਸਿੰਘ ਦਾ ਜਨਮ 1 ਜਨਵਰੀ 19●● ਈ. ਵਿਚ ਪਿੰਡ ਲਤੀਫਵਾਲਾ, ਜ਼ਿਲਾ ਜੇਹਲਮ (ਪਾਕਿਸਤਾਨ) ਮੁਖਾ ਸਿੰਘ ਦੇ ਘਰ ਮਾਤਾ ਨੈਣਾ ਦੇਵੀ ਤੋਂ ਹੋਇਆ । ਪੰਜ ਸਾਲ ਦੀ ਉਮਰ ਵਿਚ ਪਿਤਾ ਗੁਜ਼ਰ ਗਿਆ । ਕਿਸੇ ਰਿਸ਼ਤੇਦਾਰ ਨੇ ਕੋਈ ਮਦਦ ਨਾ ਕੀਤੀ । ਇਸ ਲਈ ਲੋਕਾਂ ਦੇ ਘਰਾਂ ਵਿਚ ਮੁੰਡੂ ਬਣ ਕੇ ਗੁਜ਼ਾਰਾ ਕਰਨਾ ਸ਼ੁਰੂ ਕੀਤਾ । ਫਿਰ ਰਾਵਲਪਿੰਡੀ ਸਟੇਸ਼ਨ ਤੇ ਕੁਲੀਪੁਣੇ ਦਾ ਕੰਮ ਕਰਨ ਲੱਗ ਪਿਆ ।

ਉਸ ਪਿੱਛੋਂ ਇਹ ਪਿਸ਼ੌਰ ਜਾ ਕੇ ਸਾਵਣ ਮੱਲ ਬੇਕਰੀ ਵਾਲੇ ਕੋਲ ਨੌਕਰ ਹੋ ਗਿਆ, ਜਿੱਥੇ ਇਸ ਨੂੰ ਸਿਰ ਤੇ ਟੋਕਰੀ ਚੁੱਕ ਕੇ ਡਬਲ ਰੋਟੀਆਂ/ਬਿਸਕੁਟ ਆਦਿ ਦੁਕਾਨਾਂ ਤੇ ਦੇਣੀਆਂ ਪੈਂਦੀਆਂ ਸਨ । ਸਾਵਣ ਮੱਲ ਦੀ ਮਾਇਕ ਹਾਲਤ ਸੁਧਰ ਜਾਣ ਤੇ ਉਸ ਨੇ ਗੁ: ਸਿੰਘ ਸਭਾ ਪਿਸ਼ੌਰ ਛਾਉਣੀ ਦੇ ਨੇੜੇ ਦੁਕਾਨ ਖੋਲ੍ਹ ਲਈ । ਅਵਤਾਰ ਸਿੰਘ ਦੀ ਤਨਖਾਹ ਭੀ ਕੁਝ ਵਧੀ ਅਤੇ ਇਸ ਦਾ ਵਿਆਹ ਇਕ ਯਤੀਮ ਲੜਕੀ ਬੁੱਧਵੰਤੀ ਨਾਲ ਹੋ ਗਿਆ ।

1947 ਵਿਚ ਅਵਤਾਰ ਸਿੰਘ ਪਟਿਆਲੇ ਆ ਗਿਆ ਅਤੇ ਨਿਰੰਕਾਰੀ ਮਿਸ਼ਨ ਦਾ ਨਾਉਂ ਵਰਤ ਕੇ ਆਪਣੀ ਝੂਠੀ ਦੁਕਾਨ ਆਰੰਭ ਕੀਤੀ । ਅੱਜ ਕਲ੍ਹ ਦੇ ਟੀ.ਬੀ. ਹਸਪਤਾਲ ਸਾਹਮਣੇ ਇਕ ਮੁਸਲਮਾਨ ਅਫ਼ਸਰ ਦੀ ਕੋਠੀ ਅਲਾਟ ਕਰਵਾ ਕੇ ਆਪਣਾ ਮੁਖ ਕਾਰਯਾਲਿਆ ਬਣਾਇਆ ।

ਕਰਨਲ ਰਘਬੀਰ ਸਿੰਘ ਦੀ ਚੀਫ ਮਨਿਸਟਰੀ ਵੇਲੇ ਜਦ ਜੰਗੇ ਡਾਕੂ ਅਤੇ ਹੋਰ ਛੋਟੇ ਮੋਟੇ ਡਾਕੂਆਂ ਨੇ ਅਮਨ ਕਾਨੂੰਨ ਦੀ ਹਾਲਤ ਪਤਲੀ ਕਰ ਦਿੱਤੀ ਤਾਂ ਦਿੱਲੀ ਤੋਂ ਰਾਓ ਸਾਹਿਬ ਗਵਰਨਰ ਬਣ ਕੇ ਆਏ । ਰਾਓ ਸਾਹਿਬ ਨਾਲ ਗੱਠ ਤੁਪ ਕਰ ਕੇ ਅਵਤਾਰ ਸਿੰਘ ਨੇ ਆਪਣਾ ਕੇਂਦਰ ਦਿੱਲੀ ਪਹਾੜ ਗੰਜ ਬਣਾ ਲਿਆ ।

ਸੁਰਜੀਤ ਸਿੰਘ ਬਰਨਾਲਾ ਜਦ ਪਹਿਲੀ ਜਨਤਾ ਸਰਕਾਰ ਵੇਲੇ ਕੇਂਦਰ ਵਿਚ ਮੰਤਰੀ ਬਣੇ, ਤਾਂ ਉਨ੍ਹਾਂ ਜੋ ਪਹਿਲੀ ਸਪੀਚ ਗੁ. ਬੰਗਲਾ ਸਾਹਿਬ ਦਿੱਤੀ, ਉਸ ਵਿਚ ਉਨ੍ਹਾਂ ਨਿਰੰਕਾਰੀਆਂ ਦੀ ਕੇਂਦਰ ਨਾਲ ਗੰਢ ਤੁਪ ਬਾਰੇ ਸਿਰਫ਼ ਇਨ੍ਹਾ ਹੀ ਕਿਹਾ ਕਿ ਸਰਕਾਰੀ ਭੇਦ ਗੁਪਤ ਰੱਖਣ ਦੀ ਸਹੁੰ ਚੁਕਣ ਕਰ ਕੇ ਮੈਂ ਕੁਝ ਭੀ ਕਹਿਣ ਤੋਂ ਅਸਮਰਥ ਹਾਂ ।

ਸਵਰਨ ਸਿੰਘ ਜੀ ਜਦ ਵਿਦੇਸ਼ ਮੰਤਰੀ ਸਨ, ਤਾਂ ਨਕਲੀ ਨਿਰੰਕਾਰੀ ਮੁਖੀ ਦੇ ਕਾਬਲ ਜਾਣ ਤੋਂ ਪਹਿਲਾਂ ਕਾਬਲ ਵਿਚ ਭਾਰਤੀ ਹਾਈ ਕਮਿਸ਼ਨ ਨੂੰ ਤੀਨ ਮੂਰਤੀ ਵਾਲੇ ਲੈਟਰ ਪੈਡ ਤੇ ਚਿੱਠੀ ਲਿਖ ਕੇ ਭੇਜੀ ਗਈ ਕਿ ਸਿੱਖਾਂ ਦੇ ਗੁਰੂ ਆ ਰਹੇ ਹਨ । ਇਨ੍ਹਾਂ ਦਾ ਵੀ.ਆਈ.ਪੀ. ਵਾਲਾ ਸਵਾਗਤ ਕਰਨਾ ਹੈ । ਇਸ ਬਾਰੇ ਉਸ ਵੇਲੇ ਦੇ ਪੰਜਾਬੀ ਟ੍ਰਿਬਿਊਨ ਵਿਚ ਭੀ ਕਾਫ਼ੀ ਚਰਚਾ ਹੋਈ ਸੀ ।

ਆਮ ਲੋਕਾਂ ਨੂੰ ਅਸਲੀ ਨਿਰੰਕਾਰੀ ਮਿਸ਼ਨ ਦੀ ਖਬਰ ਨ ਹੋਣ ਕਰਕੇ ਇਨ੍ਹਾਂ ਨੇ ਲੋਕਾਂ ਨੂੰ ਖੂਬ ਮੂਰਖ ਬਣਾਇਆ । ਦੂਸਰੇ, ਸਮੇਂ ਦੀ ਚਾਲ ਅਨੁਸਾਰ ਸ਼ਰਾਬ, ਮਾਸ ਅਤੇ ਵਿਭਚਾਰ ਦੀ ਖੁਲ੍ਹ ਹੋਣ ਕਰਕੇ ਸ਼ਕਰ ਖੋਰੇ ਸ਼ਕਰ ਖੋਰੇ ਨੂੰ ਸੌ ਕੋਹ ਦਾ ਫੇਰ ਪਾ ਕੇ ਭੀ ਮਿਲ ਜਾਂਦੇ ਹਨ । ਫਿਰ ਜਦ ਪਿੱਠ ਤੇ ਕਿਸੇ ਰਾਜਸੀ ਤਾਕਤ ਦਾ ਹੱਥ ਹੋਵੇ ਤਾਂ ਕੀ ਘਾਟਾ ਹੋ ਸਕਦਾ ਹੈ । ਇਸ ਲਈ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਹੁੰਦੀ ਗਈ । ਕੋਟੇ ਪਰਮਿਟ ਅਤੇ ਮਾਇਆ ਦਾ ਕੋਈ ਘਾਟਾ ਨਾ ਰਿਹਾ । ਪਰਿਵਾਰ ਦਾ ਮੁਖੀ ਗੁਰੂ, ਸੰਤ, ਬ੍ਰਹਮ ਗਿਆਨੀ ਬਣ ਗਏ । ਸਰੀਰ, ਅਲ੍ਹਾ, ਗਾਡ, ਰਾਮ ਪ੍ਰਚਾਰਿਆ ਗਿਆ । ਪਤਨੀ ਜਗਤ ਜਨਨੀ ਅਤੇ ਰਾਜ ਮਾਤਾ ਬਣ ਗਈ ।

ਰਾਧਾ ਸੁਆਮੀ ਵਾਂਗੂੰ ਆਪ ਦਾੜੀ ਕੇਸ ਰੱਖੇ ਹੋਏ ਹਨ । ਲੋਕਾਂ ਨੂੰ ਬਾਣੀ ਸੁਣਾਉਂਦੇ ਹਨ ਪਰ ਅਰਥ ਮਨਘੜਤ ਕਰਦੇ ਹਨ। ਨਾਉਂ ਨਿਰੰਕਾਰੀ ਹੈ ਪਰ ਸਰੀਰ ਦੀ ਪੂਜਾ ਕਰਵਾਉਂਦੇ ਹਨ ।

ਆਪਣੇ ਗੁਰੂ ਵਾਂਗ ਸੁਣਿਆ ਹੈ ਅਵਤਾਰ ਸਿੰਘ ਭੀ ਭਿਆਨਕ ਬੀਮਾਰੀ ਦੀ ਭੇਟ ਚੜ੍ਹ ਗਿਆ ਅਤੇ ਫਿਰ ਉਸ ਦਾ ਪੁੱਤਰ ਅੱਠ ਜਮਾਤਾਂ ਪਾਸ ਜੋ ਮੋਟਰਾਂ ਦੇ ਸਪੇਅਰ ਪਾਰਟਸ ਦੀ ਦੁਕਾਨ ਕਰਦਾ ਸੀ ਗੁਰੂ ਬਣ ਗਿਆ । ਇਸ ਨੇ 1978 ਵੇਲੇ ਵਿਸਾਖੀ ਵਾਲੇ ਦਿਨ ਆਪਣਾ ਜਲੂਸ ਕਢਵਾਇਆ ਅਤੇ ਐਲਾਨੀਆ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੂੰ ਅਧਿਆਤਮਵਾਦ ਦਾ ਕੀ ਪਤਾ ਹੋ ਸਕਦਾ ਹੈ, ਉਹ ਤਾਂ ਸਾਰੀ ਉਮਰ ਸ਼ਿਕਾਰ ਖੇਲਦਾ ਰਿਹਾ ਅਤੇ ਲੜਾਈਆਂ ਲੜਦਾ ਰਿਹਾ ਹੈ । ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਬਣਾਏ ਸੀ ਮੈਂ ਸੱਤ ਸਿਤਾਰੇ ਬਣਾਏ ਹਨ ਇਤਿਆਦਿ ।

ਅਵਤਾਰ ਸਿੰਘ, ਜਦ ਪਟਿਆਲੇ ਸੀ ਤਾਂ ਕਹਿੰਦਾ ਹੁੰਦਾ ਸੀ ਕਿ ਮੈਂ ਗੁਰੂ ਨਾਨਕ ਦਾ ਕੁੱਤਾ ਹਾਂ, ਮੈਂ ਗੁਰੂ ਨਾਨਕ ਦੇ ਮਿਸ਼ਨ ਦਾ ਪਰਚਾਰ ਕਰ ਰਿਹਾ ਹਾਂ । ਇਹ ਦਾਸ ਨੇ ਆਪ ਕੰਨੀ ਸੁਣਿਆ ਸੀ । ਪਰ ਜਦ ਦੁਕਾਨ ਚੱਲ ਪਈ ਤਾਂ ਝੱਟ ਅੱਖਾਂ ਬਦਲ ਲਈਆਂ ।

ਇਨ੍ਹਾਂ ਦੀ ਪੂਰੀ ਜਾਣਕਾਰੀ ਲਈ ਸਵਰਗੀ ਗਿਆਨੀ ਪਰਤਾਪ ਸਿੰਘ ਜੀ ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ ਦੀ ਲਿਖੀ ਪੁਸਤਕ ਨਕਲੀ ਨਿਰੰਕਾਰੀ ਪੜ੍ਹਨੀ ਚਾਹੀਦੀ ਹੈ । (ਸਿੰਘ ਬ੍ਰਦਰਜ਼, ਅੰਮ੍ਰਿਤਸਰ)

❖❖❖

# ਨਕਲੀ 'ਅਵਤਾਰ ਬਾਣੀ'

(ਸ਼ਖ਼ਸੀ ਪੂਜਾ, ਵਾਮ ਮਾਰਗ ਦਾ ਪ੍ਰਚਾਰਕ ਤੇ
ਆਪਣੇ ਮੂੰਹੋਂ ਮੀਆਂ ਮਿੱਠੂ, ਸਰਬ ਮਤ ਨਿੰਦਕ)

ਕਿਸੇ ਪਖੰਡੀ ਤੇ ਨਕਲੀ ਆਦਮੀ ਦੀ ਆਪਣੀ ਕੋਈ ਅਸਲੀਅਤ ਨਹੀਂ ਹੁੰਦੀ । ਉਹ ਸਵਾਂਗ ਧਾਰ ਕੇ ਜਾਂ ਨਕਲ ਕਰ ਕੇ ਦੁਨੀਆਂ ਨੂੰ ਧੋਖਾ ਦੇਣ ਦਾ ਯਤਨ ਕਰਦਾ ਹੈ ।

ਇਸ ਅਨੁਸਾਰ ਉਹ ਹਰ ਗੱਲ ਵਿਚ ਛਲ ਕਪਟ ਤੇ ਝੂਠ ਦਾ ਆਸਰਾ ਲੈਂਦੇ ਹਨ ।

ਇਹ ਹਕੀਕਤ ਹੈ ਕਿ ਅਵਤਾਰ ਸਿੰਘ ਕੋਈ ਵਿਦਵਾਨ ਆਤਮ ਗਿਆਨੀ ਜਾਂ ਅਨੁਭਵੀ ਨਹੀਂ ਸੀ । ਕਾਵਿ-ਕੋਸ਼ ਤੇ ਵਿਆਕਰਣ ਤੋਂ ਬਿਲਕੁਲ ਅਨਜਾਣ ਸੀ । ਪਰ ਉਸ ਨੇ ਚਲਾਕੀ ਨਾਲ ਭਾੜੇ ਉਤੇ ਕੀਤੇ ਹੋਏ ਇਕ ਕਵੀ 'ਸਾਕੀ' ਕੋਲੋਂ ਪੰਜਾਬੀ ਦੀ ਤੁਕ-ਬੰਦੀ ਕਰਵਾ ਕੇ ਆਪਣੇ ਨਾਂ, ਟੱਬਰ ਦੇ ਕੁਝ ਬੰਦਿਆਂ ਤੇ ਸਾਥੀਆਂ ਦੇ ਨਾਮ ਉਪਰ ਨਕਲੀ 'ਅਵਤਾਰ ਬਾਣੀ' ਲਿਖਵਾਈ । ਜਦ 1965 ਦੇ ਆਰੰਭ ਵਿਚ ਉਹ ਪ੍ਰੈਸ 'ਚ ਛੱਪਣ ਲਈ ਦਿੱਤੀ ਗਈ, ਤਾਂ ਜਾਲਸਾਜ਼ੀ ਦਾ ਪਤਾ ਪੰਜਾਬੀ ਦੇ ਪ੍ਰਸਿੱਧ ਕਵੀ ਸ: ਵਿਧਾਤਾ ਸਿੰਘ 'ਤੀਰ' ਨੂੰ ਲਗ ਗਿਆ । ਉਹਨਾਂ ਦਾ ਇਕ ਰਿਸ਼ਤੇਦਾਰ ਅਵਤਾਰ ਪ੍ਰੈਸ ਵਿਚ ਸੀ, ਜਿਸ ਤੋਂ ਸਾਜ਼ਸ਼ ਦੀ ਸੂਹ ਨਿਕਲੀ ।

ਅਸੀਂ ਸਤੰਬਰ 1964 ਤੋਂ 'ਨਕਲੀ ਨਿਰੰਕਾਰੀ' ਦੇ ਸਿਰਲੇਖ ਹੇਠਾਂ ਇਕ ਲੇਖ ਲੜੀ 'ਗਿਆਨ ਅੰਮ੍ਰਿਤ' ਵਿਚ ਲਿਖ ਰਹੇ ਸੀ । ਤੀਰ ਜੀ ਨੇ ਕਲਕੱਤੇ ਵਿਚ ਸਾਡੇ ਨਾਲ ਜਾਹਲੀ 'ਅਵਤਾਰ ਬਾਣੀ' ਦਾ ਜ਼ਿਕਰ ਕੀਤਾ । ਉਥੋਂ ਵਾਪਸ ਆ ਕੇ ਅਸੀਂ ਫਰਵਰੀ 1965 ਦੇ 'ਗਿਆਨ ਅੰਮ੍ਰਿਤ' ਦੇ ਛੇਵੇਂ ਲੇਖ ਵਿਚ ਨਕਲੀ ਨਿਰੰਕਾਰੀ ਸਾਜ਼ਸ਼ ਅਤੇ ਜਾਲਸਾਜ਼ੀ ਦਾ ਭਾਂਡਾ ਭੰਨ ਦਿੱਤਾ। ਅਸੀਂ ਜੋ ਸ਼ਬਦ ਲਿਖੇ, ਉਹ ਇਹ ਹਨ :

*"ਭਾਈ ਅਵਤਾਰ ਸਿੰਘ ਜਿੱਥੇ ਗੁਰਬਾਣੀ ਦੇ ਅਰਥ ਨਹੀਂ ਜਾਣਦਾ, ਉਥੇ ਕਾਵਿ-ਕੋਸ਼, ਪਿੰਗਲ ਤੇ ਛੰਦਾ-ਬੰਦੀ ਤੋਂ ਬਿਲਕੁਲ ਕੋਰਾ ਹੈ । ਕਿਸੇ ਕਵੀ ਕੋਲੋਂ ਗ਼ਲਤ ਕਵਿਤਾ ਲਿਖਵਾ ਕੇ ਉਸ ਨੂੰ 'ਅਵਤਾਰ ਬਾਣੀ' ਦੇ ਨਾਂ ਉੱਪਰ ਛਾਪਣਾ ਅਤੇ ਲੋਕਾਂ ਨੂੰ ਧੋਖਾ ਦੇਣਾ ਮਜ਼੍ਹਬ ਦੇ ਨਾਂ ਉਪਰ ਭਾਰੀ ਠੱਗੀ, ਜਾਲਸਾਜ਼ੀ ਅਤੇ ਚਾਰ ਸੌ ਵੀਹ ਹੈ । ਜੇ ਇਹ ਇੰਕਸ਼ਾਫ ਭਾਈ ਅਵਤਾਰ ਸਿੰਘ ਦੇ ਮਰਨ ਤੋਂ ਬਾਅਦ ਕੀਤਾ ਜਾਂਦਾ ਤਾਂ ਕਈ ਲੋਕਾਂ ਨੇ ਇਸ 'ਤੇ ਸ਼ੱਕ ਕਰਨਾ ਸੀ । ਪਰ ਅਸੀਂ ਉਸਦੇ ਜੀਉਂਦੇ ਜੀਅ ਕੀਤਾ ਹੈ। ਇਸ ਲਈ ਸਰਕਾਰ ਤੇ ਜਨਤਾ ਇਸ ਦੀ ਪੜਤਾਲ ਕਰ ਕੇ ਸੱਚ ਝੂਠ ਦਾ ਨਿਰਣਾ ਕਰ ਸਕਦੀ ਹੈ । ਕਵੀਆਂ ਦੀ ਇਕ ਕਮੇਟੀ ਬਣਾ ਕੇ ਉਸ ਦੇ ਸਾਹਮਣੇ ਨਕਲੀ ਨਿਰੰਕਾਰੀ ਪਾਸੋਂ ਕਵਿਤਾ ਲਿਖਵਾਈ ਜਾਵੇ, ਆਪੇ ਅਸਲੀਅਤ ਦਾ ਪਤਾ ਲਗ ਜਾਵੇਗਾ ।"*

***(ਗਿਆਨ ਅੰਮ੍ਰਿਤ, ਫਰਵਰੀ 1964, ਪੰਨਾ 43)***

ਸੰਨ 1967-68 ਵਿਚ ਦੋ ਵੇਰ 'ਨਕਲੀ ਨਿਰੰਕਾਰੀ' ਟ੍ਰੈਕਟ ਪ੍ਰਕਾਸ਼ਤ ਹੋਇਆ । ਉਸ ਵਿਚ ਵੀ ਉਪਰੋਕਤ ਸ਼ਬਦ ਦਰਜ ਕੀਤੇ । ਇਸਦੇ ਸਾਢੇ ਚਾਰ ਸਾਲ ਬਾਅਦ, ਸਤੰਬਰ 1969 'ਚ ਅਵਤਾਰ ਸਿੰਘ ਮਰਿਆ, ਪਰ ਇਸ ਲਿਖਤ ਦਾ ਉੱਤਰ ਨਹੀਂ ਦੇ ਸਕਿਆ । ਨਾ ਹੀ ਉਸ ਦੇ ਉਤਰ ਅਧਿਕਾਰੀ ਗੁਰਬਚਨ ਸਿੰਘ ਨੇ ਦਿੱਤਾ ਹੈ ।

ਸਾਡੀ ਰਾਇ ਹੈ ਕਿ ਜੇ ਅੱਜ ਵੀ ਕੇਂਦਰੀ ਸਰਕਾਰ ਦੀ ਸੀ.ਬੀ.ਆਈ. ਰਾਹੀਂ ਜਾਂ ਜਨਤਾ ਵਲੋਂ ਕਵੀਆਂ ਦੀ ਕਮੇਟੀ ਬਣਾ ਕੇ ਪੜਤਾਲ ਕਰਵਾਈ ਜਾਵੇ ਤਾਂ 'ਅਵਤਾਰ ਬਾਣੀ' ਜਾਹਲੀ ਸਾਬਤ ਹੋਵੇਗੀ । ਇਸ ਲਈ ਕਿ ਇਸ ਦੀ ਬੋਲੀ, ਸ਼ਬਦਾਵਲੀ ਤੇ ਛੰਦਾਬੰਦੀ ਸਾਬਤ ਕਰਦੀ ਹੈ ਕਿ ਇਹ ਅਵਤਾਰ ਸਿੰਘ, ਉਸ ਦੀ ਪਤਨੀ, ਪੁੱਤਰਾਂ, ਜੁਆਈ ਤੇ ਜੁੰਡਲੀ ਦੇ ਤਿੰਨ ਦਰਜਨ ਦੇ ਕਰੀਬ ਬੰਦਿਆਂ ਦੀ ਰਚਨਾ ਨਹੀਂ । ਇਕ ਜ਼ਿੰਮੇਵਾਰ ਨਿਰੰਕਾਰੀ ਨੇ ਦਸਿਆ ਹੈ ਕਿ ਇਹ ਰਚਨਾ ਇਕ ਕਵੀ ਪੂਰਨ ਪ੍ਰਕਾਸ਼ 'ਸਾਕੀ' ਦੀ ਹੈ, ਜੋ ਨਿਰੰਕਾਰੀ ਭਵਨ ਦਿੱਲੀ ਵਿਚ ਰਹਿੰਦਾ ਹੈ ।

ਨਕਲੀ ਨਿਰੰਕਾਰੀ ਨੂੰ ਜਾਹਲੀ 'ਅਵਤਾਰ ਬਾਣੀ' ਬਣਾਉਣ ਦੀ ਕਿਉਂ ਲੋੜ ਪਈ ? ਇਸ ਦਾ ਉੱਤਰ ਇਹ ਹੈ ਕਿ ਇਹਨਾਂ ਦੇ ਮਨ ਵਿਚ ਪਾਪ ਦੀ ਘੁੰਡੀ ਇਹ ਸੀ ਕਿ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਜਾਂ ਕਥਾ ਕਰਦੇ ਰਹੇ ਤਾਂ ਲੋਕਾਂ ਨੇ ਉਹਨਾਂ ਸਤਿਗੁਰੂਆਂ ਨੂੰ ਮੰਨਣਾ ਹੈ, ਜਿਨ੍ਹਾਂ ਦੀ ਬਾਣੀ ਹੈ, ਉਹਨਾਂ ਨੇ ਗੁਰਸਿਖੀ ਨਾਲੋਂ ਨਹੀਂ ਟੁੱਟਣਾ । ਦੂਸਰਾ ਲੋਕਾਂ ਨੇ ਅਵਤਾਰ ਸਿੰਘ ਜਾਂ ਉਸ ਦੇ ਪੁੱਤਰ ਨੂੰ ਗੁਰੂ ਨਹੀਂ ਮੰਨਣਾ, ਪੁੱਛਣਾ ਹੈ ਕਿ ਤੁਹਾਡਾ ਆਪਣਾ ਅਨੁਭਵ ਜਾਂ ਆਤਮਿਕ ਗਿਆਨ ਕੀ ਹੈ? ਇਸ ਲਈ ਜਿਸ ਤਰ੍ਹਾਂ ਮੀਣੇ ਪ੍ਰਿਥੀ ਚੰਦ ਅਤੇ ਉਸ ਦੇ ਪੁੱਤਰ ਮਿਹਰਬਾਨ ਨੇ 'ਨਾਨਕ' ਨਾਮ ਰਖ ਕੇ ਜਾਹਲੀ ਬਾਣੀ ਬਣਾਉਣ ਦੀ ਸਾਜ਼ਸ਼ ਕੀਤੀ ਸੀ, ਇਸੇ ਤਰ੍ਹਾਂ ਅਵਤਾਰ ਸਿੰਘ ਤੇ ਉਸ ਦੀ ਜੁੰਡਲੀ ਨੇ 'ਸਾਕੀ' ਕੋਲੋਂ ਤੁਕਬੰਦੀ ਕਰਵਾ ਕੇ 'ਅਵਤਾਰ ਬਾਣੀ' ਦੇ ਨਾਂ ਉਪਰ ਛਾਪਣ ਦਾ ਘੋਰ ਪਾਪ ਕੀਤਾ ਹੈ ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਭਾਰਤ ਦੇ ਪ੍ਰਸਿੱਧ ਭਗਤ ਕਬੀਰ ਜੀ, ਸ੍ਰੀ ਨਾਮਦੇਵ, ਜੈਦੇਵ, ਰਵਿਦਾਸ, ਤ੍ਰਿਲੋਚਨ, ਸਧਨਾ, ਸੈਣ, ਧੰਨਾ, ਪੀਪਾ ਤੇ ਸ਼ੇਖ਼ ਫ਼ਰੀਦ ਦੀ ਬਾਣੀ ਦਰਜ ਕੀਤੀ ।

ਅਵਤਾਰ ਸਿੰਘ ਨੇ ਆਪਣੀ ਪਤਨੀ, ਮਰੇ ਹੋਏ ਪੁੱਤਰ, ਜੀਉਂਦੇ ਗੁਰਬਚਨ ਸਿੰਘ, ਨੂੰਹ ਕੁਲਵੰਤ ਕੌਰ, ਲਾਭ ਸਿੰਘ ਪ੍ਰਧਾਨ, ਅਮਰ ਸਿੰਘ, ਦੇਸ ਰਾਜ, ਜੁਗਲ ਕਿਸ਼ੋਰ, ਰਿਸ਼ਤੇਦਾਰ ਮਹਾਂਦੇਵ ਸਿੰਘ, ਰਾਮ ਚੰਦ, ਰੂਪ ਲਾਲ ਤੇ ਨਿਰਮਲ ਜੋਸ਼ੀ, ਤਿੰਨ ਦਰਜਨ ਜੁੰਡਲੀ ਦੇ ਘਰੋਗੀ ਸੰਤਾਂ ਦੇ ਨਾਮ ਉਪਰ ਕਵੀ ਦੀ ਤੁਕ-ਬੰਦੀ ਦਰਜ ਕਰ ਲਈ, ਜਿਨ੍ਹਾਂ ਨਾਮ-ਧਰੀਕ ਸੰਤਾਂ ਨੂੰ ਨਕਲੀ ਨਿਰੰਕਾਰੀ ਤੋਂ ਬਿਨਾਂ ਦੇਸ ਵਿਚ ਕੋਈ ਵੀ ਨਹੀਂ ਜਾਣਦਾ ਸੀ । ਇਹਨਾਂ ਸਾਰਿਆਂ ਨੇ ਤੋਤੇ ਵਾਂਗੂੰ ਇਕੋ ਪੱਟੀ ਪੜ੍ਹੀ ਹੈ ਕਿ ਅਸੀਂ ਮੰਦਰ ਤੇ ਗੁਰਦਵਾਰੇ ਗਏ, ਪੂਜਾ ਕੀਤੀ, ਪਾਠ ਕੀਤੇ, ਸਾਡਾ ਕੁਝ ਨਹੀਂ ਬਣਿਆ । ਸਾਨੂੰ ਅਵਤਾਰ ਸਿੰਘ ਦੀਆਂ ਤਲੀਆਂ ਦੀ ਪਿੰਜਰੀ ਵਿਚੋਂ ਰੱਬ ਲੱਭਾ ਹੈ, ਜਾਂ ਉਸ ਦੇ ਪੁੱਤਰ ਦੇ ਹੱਥਾਂ ਵਿਚੋਂ ਬਟੇਰੇ ਵਾਂਗ ਫੁਰਰ ਕਰ ਕੇ ਉਡਦਾ ਦਿਸਿਆ ਹੈ ।

**ਅਵਤਾਰ ਬਾਣੀ ਦਾ ਵਿਸ਼ਲੇਸ਼ਣ**

ਹੁਣ ਅਸੀਂ ਅਵਤਾਰ ਬਾਣੀ ਦਾ ਵਿਸ਼ਲੇਸ਼ਣ ਕਰਦੇ ਹਾਂ । ਚੂੰਕਿ ਅਵਤਾਰ ਸਿੰਘ ਬਿਲਕੁਲ ਅਨਪੜ੍ਹ ਸੀ । ਉਸ ਦਾ ਪੁੱਤਰ ਮਿਡਲ ਤੀਕ ਪੜ੍ਹਿਆ ਹੋਇਆ ਸੀ । ਇਹ ਸਭ ਗੁਰਬਾਣੀ, ਵੇਦ ਸ਼ਾਸਤ੍ਰ, ਗੀਤਾ ਤੇ ਧਾਰਮਿਕ ਗ੍ਰੰਥਾਂ ਤੋਂ ਅਨਜਾਣ ਸਨ । ਇਸ ਲਈ ਮੰਗਲ ਵਿਚ ਹੀ ਉਖੜ ਗਏ ਹਨ ।

ਧਰਮ ਗੰਥਾਂ ਦੇ ਆਰੰਭ 'ਚ ਗੁਰੂ ਪ੍ਰਮੇਸ਼ਰ ਜਾਂ ਕਿਸੇ ਦੇਵੀ ਦੇਵਤੇ ਦਾ ਮੰਗਲ ਕੀਤਾ ਜਾਂਦਾ ਹੈ, ਜਿਸ ਨੂੰ ਮੰਗਲਾਚਰਨ ਵੀ ਕਹਿੰਦੇ ਹਨ । ਮੰਗਲ ਦੇ ਅਰਥ ਹਨ – ਇਸ਼ਟ ਦੇਵ ਦੀ ਅਰਾਧਨਾ, ਖੁਸ਼ੀ ਤੇ ਪ੍ਰਸੰਨਤਾ । ਸੰਗੀਤਾਚਾਰਯ ਕੀਰਤਨ ਦੇ ਆਰੰਭ ਵਿਚ ਵੀ ਮੰਗਲਾਚਰਨ ਕਰਦੇ ਹਨ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਤਿੰਨ ਪ੍ਰਕਾਰ ਦਾ ਹੁੰਦਾ ਹੈ :

*1.* ***ਵਸਤੂ ਨਿਰਦੇਸ਼ਾਤਮਕ :*** ਜਿਸ ਦਾ ਗ੍ਰੰਥ ਵਿਚ ਵਰਣਨ ਕਰਨਾ ਹੈ, ਉਸ ਦੇ ਗੁਣਾਂ ਜਾਂ ਲੱਛਣਾਂ ਦਾ ਬੋਧ ਕਰਾਉਣ ਵਾਲਾ । ਜਿਹਾ ਕਿ ਸ੍ਰੀ ਗੁਰੂ ਨਾਨਕ ਨਿਰੰਕਾਰੀ ਨੇ ਜਪੁਜੀ ਦੇ ਆਰੰਭ ਵਿਚ ਨਿਰੰਕਾਰ ਸ੍ਰੀ ਵਾਹਿਗੁਰੂ ਦਾ ਮੰਗਲ ਕੀਤਾ ਹੈ :

***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥***

*2.* ***ਆਸ਼ੀਰਵਾਦਾਤਮਕ :*** ਕਲਿਆਣ ਰੂਪ ਮੰਗਲ ਗੁਣਗਾਣ ਦੀ ਕਾਮਨਾ ਤੇ ਆਸ਼ੀਰਵਾਦ ਪ੍ਰਾਪਤ ਕਰਨੀ ।

*3.* ***ਨਮਸਕਾਰਾਤਮਕ :*** ਤੀਸਰਾ ਮੰਗਲ ਹੈ, ਜਿਸ ਵਿਚ ਸ੍ਰੀ ਵਾਹਿਗੁਰੂ ਜਾਂ ਇਸ਼ਟ ਦੇਵ ਨੂੰ ਨਮਸਕਾਰ ਕਰੀਦੀ ਹੈ । ਬ੍ਰਹਮ ਗਿਆਨੀ ਤੇ ਆਤਮਕ ਅਨੁਭਵ ਪ੍ਰਕਾਸ਼ ਦੇ ਸੋਮੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਬਾਵਨ ਅੱਖਰੀ ਦੇ ਇਕ ਸਲੋਕ ਵਿਚ ਤਿੰਨੇ ਕਿਸਮ ਦਾ ਮੰਗਲ ਬਿਆਨ ਕਰ ਦਿੱਤਾ ਹੈ :

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥**

*(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬)*

ਇਸ ਸਲੋਕ ਵਿਚ ਡੰਡਉਤਿ ਬੰਦਨ ਅਨਿਕ ਬਾਰ ਨਮਸਕਾਰਾਤਮਕ; ਸਰਬਕਲਾ ਸਮਰਥ, ਵਸਤੂ ਨਿਰਦੇਸ਼ਾਤਮਕ; ਡੋਲਨ ਤੇ ਰਾਖਹੁ ਪ੍ਰਭੂ, ਅਸ਼ੀਰਵਾਦਾਤਮਕ ਮੰਗਲ ਹੈ ।

ਨਕਲੀ ਨਿਰੰਕਾਰੀਆਂ ਨੇ ਜਿਸ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ 'ਤੇ ਜਾਹਲੀ 'ਅਵਤਾਰ ਬਾਣੀ' ਬਣਾਈ ਹੈ, ਉਸਦਾ ਮੰਗਲਾਚਰਨ ਹੀ ਗ਼ਲਤ ਤੇ ਬੇਤੁਕਾ ਹੈ ।

**ਕੋੜਮੇ ਦਾ ਮੰਗਲ**

'ਅਵਤਾਰ ਬਾਣੀ' ਦੀ ਪਹਿਲੀ ਐਡੀਸ਼ਨ 1965 ਵਿਚ ਅਵਤਾਰ ਸਿੰਘ ਤੇ ਗੁਰਬਚਨ ਸਿੰਘ ਦੀ ਮੌਜੂਦਗੀ ਤੇ ਨਿਗਰਾਨੀ ਹੇਠ ਅਵਤਾਰ ਪ੍ਰਿੰਟਿੰਗ ਪ੍ਰੈਸ, ਨਿਰੰਕਾਰੀ ਕਾਲੋਨੀ ਦਿਲੀ-੯ ਵਿਚ ਪ੍ਰਕਾਸ਼ਤ ਹੋਈ । ਉਸਦਾ ਮੰਗਲਾਚਰਨ ਇਸ ਪ੍ਰਕਾਰ ਹੈ :

*ਆਦਿ ਮੱਧ ਤੇ ਅੰਤ ਤਕ, ਕਾਇਮ ਹੈ ਨਿਰੰਕਾਰ ।*
*ਤੈਨੂੰ ਪੂਰਨ ਸਤਿਗੁਰੂ, ਪ੍ਰਨਾਮ ਕਰੇ ਅਵਤਾਰ ।*
*ਲਖ ਲਖ ਲਖ ਵਾਰੀ ਬੰਦਨਾ, ਨਮਸਕਾਰ ਹਰ ਵਾਰ ।*
*ਆਪੇ ਸਭ ਕੁਝ ਕਰ ਰਿਹਾ, ਨਾਂ ਰਖ ਕੇ ਅਵਤਾਰ ।*
*ਜਗਤ ਮਾਤਾ ਨੇ ਜਗਤ ਨੂੰ, ਕਿਹਾ ਅੰਤ ਪੁਕਾਰ ।*
*ਗੁਰਬਚਨ ਗੁਰੂ ਹੈ ਜਗਤ ਦਾ, ਆਪੇ ਹੈ ਅਵਤਾਰ ।*
*ਧੰਨ ਧੰਨ ਆਖੋ ਜਗਤ ਮਾਂ, ਜਿਸ ਜਾਇਆ ਦੀਨ ਦਿਆਲ । (ਸਫ਼ਾ ੮)*

ਇਹ ਵਾਸਤਵ ਵਿਚ ਨਿਰੰਕਾਰ ਦਾ ਮੰਗਲ ਨਹੀਂ, ਬਲਕਿ ਅਵਤਾਰ ਸਿੰਘ, ਉਸਦੇ ਪੁੱਤਰ ਗੁਰਬਚਨ ਸਿੰਘ, ਮਾਈ ਬੁਧਵੰਤੀ ਤੇ ਸਾਰੇ ਕੋੜਮੇ ਦੀ ਕੋਝੀ ਉਸਤਤਿ ਹੈ ।

'ਜਗਤ ਮਾਤਾ ਨੇ ਜਗਤ ਨੂੰ ਕਿਹਾ ਅੰਤ ਪੁਕਾਰ,' ਇਸ ਤੋਂ ਪਤਾ ਲਗਦਾ ਹੈ ਕਿ ਮਾਤਾ ਬੁਧਵੰਤੀ ਨੇ ਅੰਤ ਸਮੇਂ ਇਹ ਗੱਲ ਆਖੀ-"ਗੁਰਬਚਨ ਗੁਰੂ ਹੈ ਜਗਤ ਦਾ ।"

ਅੰਤ ਸਮੇਂ ਕੀਤੀ ਗਈ ਗੱਲ ਤਾਂ ਸ਼ੋਕਮਈ ਹੁੰਦੀ ਹੈ, ਇਸ ਲਈ ਇਹ ਮੰਗਲਾਚਰਨ ਨਹੀਂ ਕੁਢੰਗਲਾਚਰਨ ਹੈ ।

ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਅਵਤਾਰ ਸਿੰਘ ਜਾਂ ਉਸ ਦੇ ਪੁੱਤਰ ਦੀ ਰਚਨਾ ਨਹੀਂ ਬਲਕਿ ਟੁੱਕੜ-ਬੋਚ ਕਵੀ ਦੀ ਤੁਕ-ਬੰਦੀ ਹੈ । ਕਿਉਂਕਿ ਕੋਈ ਪਤੀ ਆਪਦੀ ਲਿਖਤ ਵਿਚ ਪਤਨੀ ਨੂੰ 'ਜਗਤ ਮਾਤਾ' ਨਹੀਂ ਕਹਿ ਸਕਦਾ । ਸਾਰਾ ਟੱਬਰ ਇਕ ਦੂਜੇ ਦੀ ਉਸਤਤਿ ਦੇ ਪੁਲ ਬੰਨ੍ਹੀ ਜਾਂਦਾ ਹੈ ।

ਜਾਹਲੀ 'ਅਵਤਾਰ ਬਾਣੀ' ਵਿਚ ਅਵਤਾਰ ਸਿੰਘ ਦੀ ਪਤਨੀ ਬੁਧਵੰਤੀ ਦੇ ਨਾਂ ਉਪਰ ਬਾਣੀ 'ਜਗਤ ਮਾਤਾ' ਵੱਖਰਾ ਭਾਵ ਦਰਜ ਕੀਤਾ ਹੈ । ਜੋ ਕਵੀ 'ਸਾਕੀ' ਦੀ ਕਪੋਲ ਕਲਪਨਾ ਹੈ । ਅਨਪੜ੍ਹ ਕਵਿਤਾ ਤੇ ਸਾਹਿਤ ਤੋਂ ਅਨਜਾਣ ਮਾਤਾ ਨੂੰ ਜੋ ਇਲਹਾਮ ਹੋਇਆ ਹੈ, ਉਸ ਦਾ ਨਮੂਨਾ ਵੀ ਪਾਠਕ ਵੇਖ ਲੈਣ। ਬੁਧਵੰਤੀ ਇਕ ਥਾਂ ਅਵਤਾਰ ਸਿੰਘ ਦੀ ਉਪਮਾ ਕਰਦੀ ਹੈ :

***ਡਾਕਟਰ ਦੇ ਲੜ ਲੱਗੀ ਕੋਈ ਬਣ ਗਈ ਆਪੇ ਡਾਕਟਰਨੀ ।***
***ਮਾਸਟਰ ਦੇ ਨਾਲ ਲਈਆਂ ਲਾਵਾਂ ਸਭ ਜਗ ਆਖੇ ਮਾਸਟਰਨੀ ।***
***ਅਵਤਾਰ ਗੁਰੂ ਦੇ ਲੜ ਮੈਂ ਲੱਗੀ ਬਣ ਗਈ ਜਗ ਦੀ ਰਾਣੀ ਮੈਂ ।***

ਇਹ 'ਆਪੇ ਹੀ ਮੈਂ ਰੱਜੀ ਪੁੱਜੀ ਆਪੇ ਮੇਰੇ ਬਚੜੇ ਜੀਉਣ' ਵਾਲੀ ਗੱਲ ਹੈ । ਅਨਪੜ੍ਹ ਨੂੰ ਇਹ ਇਲਮ ਨਹੀਂ ਕਿ ਸੈਂਕੜੇ ਮਾਸਟਰ ਅਤੇ ਡਾਕਟਰ ਹਨ, ਜਿਨ੍ਹਾਂ ਦੀਆਂ ਪਤਨੀਆਂ ਪੜ੍ਹੀਆਂ ਲਿਖੀਆਂ ਨਹੀਂ । ਮਾਸਟਰਆਣੀ ਜਾਂ ਡਾਕਟਰਨੀ ਤਾਂ ਉਹ ਕਹੀ ਜਾ ਸਕਦੀ ਹੈ, ਜੋ ਸਕੂਲ ਵਿਚ ਨੌਕਰੀ ਕਰਦੀ ਹੋਵੇ ਜਾਂ ਡਾਕਟਰ ਹੋਵੇ ।

ਇਹ ਸਾਰੇ ਧਰਮ ਦੇ ਨਿੰਦਕ ਰੱਜ ਕੇ ਮਾਸ ਖਾਂਦੇ, ਲੇਹੜ ਕੇ ਸ਼ਰਾਬ ਪੀਂਦੇ, ਵਾਮ-ਮਾਰਗੀਆਂ ਵਾਂਗ ਲਿੰਗ ਸੁਤੰਤ੍ਰਤਾ ਦੇ ਹਾਮੀ ਹਨ । ਸ਼ਖ਼ਸੀ ਪੂਜਾ, ਕੁਟੰਬ ਪੂਜਾ ਤੇ ਪੂਜਾ ਧਨ ਨਾਲ ਕੋਠੀਆਂ ਦੇ ਮਾਲਕ, ਹਜ਼ੂਰ ਸ਼ਹਿਨਸ਼ਾਹ ਮੁਕਟਧਾਰੀ ਬਣੇ ਹਨ । ਇਸ ਲਈ ਇਹਨਾਂ ਨੇ ਕਵੀ ਕੋਲੋਂ 'ਅਵਤਾਰ ਬਾਣੀ' ਵਿਚ ਉਸ ਬਦਨੀਤੀ ਨੂੰ ਪ੍ਰਗਟ ਕੀਤਾ ਤੇ ਪ੍ਰਚਾਰਿਆ ਹੈ ।

ਨਕਲੀਏ ਇਕ ਕੂੜ ਇਹ ਪਸਾਰਦੇ ਸਨ ਕਿ ਬਾਬੇ ਨੂੰ ਮੰਨਣ ਵਾਲੇ ਮੁਸਲਮਾਨ ਤੇ ਈਸਾਈ ਵੀ ਹਨ । ਪਰ 'ਅਵਤਾਰ ਬਾਣੀ' ਵਿਚ ਇਨ੍ਹਾਂ ਦੋਨਾਂ ਦਾ ਨਾਮ ਇਸ ਲਈ ਨਹੀਂ ਦਿੱਤਾ ਕਿ ਉਹ ਕਿਸੇ ਆਦਮੀ ਨੂੰ ਅੱਲਾ, ਗਾਡ ਤੇ ਜਗਤ ਮਾਤਾ ਨੂੰ ਖ਼ੁਦਾ ਦੀ ਬੀਵੀ ਤੇ ਮਾਂ ਨਹੀਂ ਮੰਨਦੇ ਨਾਲੇ ਛਿੱਤਰਾਂ ਤੋਂ ਡਰਦੇ ਹਨ ।

ਜਾਹਲੀ 'ਅਵਤਾਰ ਬਾਣੀ' ਵਿਚ ਇਕ ਗ਼ਲਤੀ ਹੋਰ ਕੀਤੀ ਗਈ ਹੈ ਕਿ ਹਰ ਬੈਂਤ ਦੇ ਨਾਲ '੧ ਧੰਨ ਨਿਰੰਕਾਰ' ਲਿਖਿਆ ਹੈ । ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਪੁਜੀ ਦੇ ਮੰਗਲ :

'੧ੴ ਸਤਿਨਾਮੁ ਕਰਤਾਪੁਰਖੁ' ਦੀ ਨਕਲ ਹੈ । ਗੁਰੂ ਸਾਹਿਬ ਨੇ ੧ੴ ਇਸ ਲਈ ਲਿਖਿਆ ਸੀ ਕਿ ਪੁਰਾਤਨ 'ਓਮ' ਸ਼ਬਦ ਵਿਚ ਤਿੰਨ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਮੰਨੇ ਜਾਂਦੇ ਹਨ ।

**ਨਕਲੀ 'ਅਵਤਾਰ ਬਾਣੀ' ਦੇ ਕੁਝ ਨਮੂਨੇ**

ਅਵਤਾਰ ਸਿੰਘ ਨਕਲੀ ਨਿਰੰਕਾਰੀ ਦਾ ਆਪਣਾ ਕੋਈ ਮਤ, ਸਿਧਾਂਤ, ਫ਼ਿਲਾਸਫ਼ੀ ਜਾਂ ਅਸੂਲ ਨਹੀਂ ਸੀ । ਪਰ ਨਿੰਦਿਆ ਸਾਰੇ ਮਤਾਂ ਦੀ ਕਰਦਾ ਸੀ।

ਉਦਾਹਰਣ ਵਜੋਂ :-

1. *ਪੰਜ ਤੱਤਾਂ ਦੇ ਪੁਤਲੇ ਵੇਖੋ, ਵਖੋ ਵਖ ਇਨਸਾਨ ਬਣੇ ।*
*ਕੋਈ ਹਿੰਦੂ ਸਿਖ ਈਸਾਈ, ਕੋਈ ਨੇ ਮੁਸਲਮਾਨ ਬਣੇ ।*
*ਇਹਦੀ ਮਤ ਦੇ ਚਾਨਣ ਉਤੇ, ਪਰਦੇ ਪੈ ਗਏ ਰਾਤਾਂ ਦੇ ।*
*ਰਾਗ ਅਵੱਲੇ ਛੇੜੀ ਬੈਠੇ, ਇਹ ਮਜ਼੍ਹਬਾਂ ਤੇ ਜਾਤਾਂ ਦੇ ।*
(ਅਵਤਾਰ ਬਾਣੀ, ਸਫ਼ਾ ੪੪, ਅੰਕ ੬੧)

2. *ਮਾਇਆ ਦੇ ਜੋ ਲੋਭੀ ਨੇ, ਕਰਮ ਧਰਮ ਵਿਚ ਪਾਂਦੇ ਨੇ ।*
*ਮਾਇਆ ਦੇ ਜੋ ਲੋਭੀ ਨੇ, ਪੱਥਰਾਂ ਨੂੰ ਸੀਸ ਝੁਕਾਂਦੇ ਨੇ ।*
*ਮਾਇਆ ਦੇ ਜੋ ਲੋਭੀ ਨੇ, ਬੁੱਤਾਂ ਨੂੰ ਭੋਗ ਲਗਾਂਦੇ ਨੇ ।*
*ਮਾਇਆ ਦੇ ਜੋ ਲੋਭੀ ਨੇ, ਤੀਰਥ ਇਸ਼ਨਾਨ ਕਰਾਂਦੇ ਨੇ ।*
*ਮਾਇਆ ਦੇ ਜੋ ਲੋਭੀ ਨੇ, ਹੱਜ ਕਾਅਬੇ ਨੂੰ ਵਡਿਆਂਦੇ ਨੇ ।*
(ਅਵਤਾਰ ਬਾਣੀ, ਸਫ਼ਾ ੪੧, ਅੰਕ ੮੪)

ਇਹ 'ਜੰਞ ਕੁਪੱਤੀ, ਸੁਥਰਾ ਭਲਾ ਮਾਣਸ' ਵਾਲੀ ਗੱਲ ਹੈ ।

ਇਹ ਤੁਕਬੰਦੀ ਵਿਚ ਤਾਂ ਤੀਰਥਾਂ ਦਾ ਖੰਡਨ ਕਰਦਾ ਹੈ । ਪਰੰਤੂ ਇਸਨੇ ਆਪਣੇ ਇਕ ਸ਼ਰਾਬੀ ਕਬਾਬੀ ਚੇਲੇ ਸੰਤੋਖ ਸਿੰਘ ਦੇ ਨਾਮ ਉਪਰ ਸੰਤੋਖਸਰ ਬਣਾਇਆ ਹੈ, ਜਿਸਨੇ ਇਸਨੂੰ ਸੁਨਹਿਰੀ ਮੁਕਟ ਦੇ ਨਾਲ ਪਹਿਲਾਂ ਸਿਹਰਾ ਬੰਨ੍ਹਿਆ ਸੀ ।

੧੯੬੮ ਈ: ਦੀ ਮਾਘੀ ਤੇ ਸੰਤੋਖਸਰ ਦੇ ਇਸ਼ਨਾਨ ਦਾ ਮਹਾਤਮ, ਰੋਗ ਕੱਟੇ ਜਾਂਣੇ ਦਸਦਾ ਹੈ ।

ਮਹਾਂਦੇਵ ਸਿੰਘ ਸਿੱਖਾਂ ਨੂੰ ਤੇ ਕ੍ਰਿਸ਼ਨ ਲਾਲ ਜੌਹਰ ਹਿੰਦੂਆਂ ਨੂੰ ਅਵਤਾਰ ਸਿੰਘ ਦੇ ਗੁਰੂ-ਡੰਮ੍ਹ ਦੇ ਜਾਲ ਵਿਚ ਫਾਹੁਣ ਲਈ ਸਿੱਖ ਤੇ ਹਿੰਦੂ ਧਰਮਾਂ ਦੀ ਬਦਖੋਈ ਕਰਦੇ ਹਨ । ਅਵਤਾਰ ਸਿੰਘ ਅਤੇ ਗੁਰਬਚਨ ਸਿੰਘ ਗੁਰਬਾਣੀ ਦੀ ਕਥਾ ਕਰ ਕੇ ਲੋਕਾਂ ਨੂੰ ਕਲਿਆਣ-ਕਾਰੀ ਦਸਣ, ਮਜ਼੍ਹਬੀ ਠੱਗੀ ਨਹੀਂ ਤੇ ਹੋਰ ਕੀ ਹੈ ? ਗੁਰੂ ਚੇਲਿਆਂ ਦਾ ਨਿਸ਼ਾਨਾਂ ਇਕੋ ਏ । ਦੋ ਵਿਰੋਧੀ ਪਾਸਿਆਂ 'ਤੇ ਖਲੋ ਕੇ ਸ਼ਿਕਾਰ ਖੇਡਦੇ ਹਨ । ਇਹਨਾਂ ਦੇ ਇਸ ਛਲ, ਕਪਟ ਤੇ ਮੱਕਾਰੀ ਨੂੰ ਸਮਝਣਾ ਜ਼ਰੂਰੀ ਹੈ ।

ਜੇ ਚੇਲਿਆਂ ਦਾ ਗੁਰਬਾਣੀ ਕੁਝ ਨਹੀਂ ਸੁਆਰ ਸਕੀ ਤਾਂ ਗੁਰਬਚਨ ਗੁਰਬਾਣੀ ਦੀ ਕਥਾ ਕਿਉਂ ਕਰਦਾ ਹੈ ? ਚੇਲੇ ਉਸ ਕਥਾ ਨੂੰ ਕਿਉਂ ਸੁਣਦੇ ਹਨ ? ਆਪਣੇ ਰਸਾਲੇ ਵਿਚ ਛਾਪ ਕੇ ਪਿਛਲੱਗਾਂ ਨਾਲ ਕਿਉਂ ਧੋਖਾ ਕਰਦੇ ਹਨ ? ਕਈ ਨਕਲੀਏ ਤਾਂ ਇਥੋਂ ਤੀਕ ਕਹਿੰਦੇ ਸੁਣੇ ਹਨ-'ਬਾਬਾ ਜੀ ਗੁਰਬਾਣੀ ਅਨੁਸਾਰ ਬਚਨ ਕਰਦੇ ਹਨ ।'

ਇਨ੍ਹਾਂ ਦੇ ਕਈ ਏਜੰਟਾਂ ਤੇ ਕਥਾ-ਵਾਚਕਾਂ ਨੇ ਤੋਤਿਆਂ ਵਾਂਗ ਗੁਰਬਾਣੀ ਦੇ ਸ਼ਬਦ ਅਤੇ ਤੁਕਾਂ ਯਾਦ ਕੀਤੀਆਂ ਹੋਈਆਂ ਹਨ । ਇਹਨਾਂ ਦੀ ਇਸ ਡਬਲ ਠੱਗੀ ਤੋਂ ਜਾਣੂ ਹੋਣਾ ਅਤਿ ਜ਼ਰੂਰੀ ਹੈ ।

**'ਅਵਤਾਰ ਬਾਣੀ' ਜਾਹਲੀ ਸਾਬਤ ਹੋ ਗਈ**

ਭਾਰਤ ਦੇ ਸੰਤਾਂ ਭਗਤਾਂ ਨੇ ਆਪਣਾ ਗਿਆਨ ਅਨੁਭਵ ਤੇ ਜ਼ਿੰਦਗੀ ਦੇ ਤਜਰਬਿਆਂ ਨੂੰ ਕਾਵਿ ਜਾਂ ਵਾਰਤਕ ਸ਼ਕਲ ਵਿਚ ਲੋਕਾਂ ਦੇ ਸਾਹਮਣੇ ਪੇਸ਼ ਕੀਤਾ । ਪਰ ਕਿਸੇ ਨੇ ਭਾੜੇ ਦੇ ਕਵੀ ਕੋਲੋਂ ਤੁਕਬੰਦੀ ਕਰਾ ਕੇ ਆਪਣੇ ਨਾਮ ਉਪਰ ਪੁਸਤਕ ਨਹੀਂ ਦਿੱਤੀ । ਵੀਹਵੀਂ ਸਦੀ ਵਿਚ ਅਵਤਾਰ ਸਿੰਘ ਸੀ ਜਿਸ ਨੇ ਨਕਲੀ 'ਅਵਤਾਰ ਬਾਣੀ' ਲਿਖਵਾਈ, ਪ੍ਰਕਾਸ਼ਤ ਕੀਤੀ । ਚੇਲੇ ਚੇਲੀਆਂ ਨੂੰ ਉਸ ਦੇ ਪੜ੍ਹਨ ਦੀ ਪ੍ਰੇਰਨਾ ਕੀਤੀ । ਪਰ 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ' ਦੇ ਵਾਕ ਅਨੁਸਾਰ ਜਿਥੇ ੧੯੬੫ ਵਿਚ ਅਸੀਂ 'ਅਵਤਾਰ ਬਾਣੀ' ਦਾ ਪੋਲ ਖੋਲ੍ਹਿਆ, ਉਥੇ ੧੯੭੮ ਦੀ ਵਿਸਾਖੀ ਦੇ ਅੰਮ੍ਰਿਤਸਰ ਖ਼ੂਨੀ ਕਾਂਡ ਨੇ ਗੁਰਬਚਨ ਸਿੰਘ ਦੇ ਮੂੰਹੋਂ ਪ੍ਰੈਸ ਤੇ ਅਦਾਲਤ ਵਿਚ 'ਅਵਤਾਰ ਬਾਣੀ' ਨੂੰ ਜਾਹਲੀ ਸਾਬਤ ਕਰ ਦਿੱਤਾ ।

ਗੁਰਬਚਨ ਸਿੰਘ ਅੰਮ੍ਰਿਤਸਰ ਖ਼ੂਨੀ ਕਾਂਡ ਵਿਚ ੧੮-੨੨ ਜੁਲਾਈ ੧੯੭੮ ਨੂੰ ਬਿਆਨ ਦੇਣ ਲਈ ਪੁਲੀਸ ਦੇ ਸਾਹਮਣੇ ਪੇਸ਼ ਹੋਇਆ । ਉਸ ਨੇ ਪਹਿਲੇ ਬਿਆਨ ਵਿਚ ਕਿਹਾ :

*"ਮੈਂ ਕੋਈ ਗੁਰੂ ਤੇ ਅਵਤਾਰ ਨਹੀਂ, ਜੋ ਮੈਨੂੰ ਗੁਰੂ ਕਹਿੰਦੇ ਹਨ, ਉਹਨਾਂ ਦੀ ਮੌਜ ਹੈ ।"* (ਪੰਜਾਬ ਕੇਸਰੀ, ੧੯੭੮)

ਇਹ ਗੱਲ ਗੁਰਬਚਨ ਸਿੰਘ ਦੇ ਵਕੀਲ ਸ੍ਰੀ ਵਾਸਦੇਵ ਨੇ 23 ਜੁਲਾਈ ਨੂੰ ਪ੍ਰੈਸ ਨੂੰ ਦੱਸੀ ।

ਇਸ ਪੇਸ਼ੀ ਵਿਚ ਗੁਰਬਚਨ ਸਿੰਘ ਨੇ ਦੂਜੀ ਗੱਲ ਇਹ ਆਖੀ :

*"ਮੈਂ ਕੋਈ ਗੁਰੂ ਅਵਤਾਰ ਨਹੀਂ । 'ਅਵਤਾਰ ਬਾਣੀ' ਮੇਰੇ ਪਿਉ ਦੀ ਲਿਖਵਾਈ ਹੋਈ ਹੈ । ਉਸ ਦਾ ਮੈਨੂੰ ਕੁਝ ਪਤਾ ਨਹੀਂ। ਇਸ ਬਾਰੇ ਉਹ ਜੁਆਬਦੇਹ ਹੈ ।"*

(ਅਕਾਲੀ ਪਤ੍ਰਿਕਾ, ੧ ਅਗਸਤ ੧੯੭੮)

ਗੁਰਬਚਨ ਸਿੰਘ ਦਾ ਇਹ ਬਿਆਨ ਗ਼ਲਤ ਹੈ ਕਿ 'ਅਵਤਾਰ ਬਾਣੀ' ਉਹਦੇ ਪਿਉ ਦੀ ਲਿਖਵਾਈ ਹੋਈ ਹੈ, ਇਸ ਦਾ ਉਹਨੂੰ ਕੁਝ ਪਤਾ ਨਹੀਂ । ਗੁਰਬਚਨ ਸਿੰਘ ੧੯੬੩ ਵਿਚ ਗੁਰੂ ਬਣਿਆ । ਅਵਤਾਰ ਪ੍ਰਿੰਟਿੰਗ ਪ੍ਰੈਸ ਉਸ ਦੀ ਮੌਜੂਦਗੀ ਵਿਚ ਚਾਲੂ ਹੋਇਆ। ਦੋ ਸਾਲ ਬਾਅਦ ੧੯੬੫ ਵਿਚ ਸੰਪੂਰਨ 'ਅਵਤਾਰ ਬਾਣੀ' ਛਪੀ । ਉਸਦੀ ਮਾਤਾ ਬੁਧਵੰਤੀ ਦਾ ਇਹ ਕਥਨ :

*ਗੁਰਬਚਨ ਗੁਰੂ ਹੈ ਜਗਤ ਦਾ ਆਪੇ ਹੈ ਅਵਤਾਰ ।*

'ਅਵਤਾਰ ਬਾਣੀ' ਦੇ ਮੰਗਲ 'ਚ ਦਰਜ ਹੈ । ਫਿਰ ਗੁਰਬਚਨ ਦੀ ਪਤਨੀ ਕਲਪਤ ਰਾਜ ਮਾਤਾ ਕੁਲਵੰਤ ਕੌਰ ਦੀ ਤੁਕਬੰਦੀ ਵੀ ਇਸ ਪੁਸਤਕ ਦੇ ਅੰਤ ਵਿਚ ਦਰਜ ਹੈ । ਕੁਲਵੰਤ ਕਹਿੰਦੀ ਹੈ :

*ਸਿਖ ਘਰਾਣੇ ਦੀ ਹਾਂ ਮੈਂ ਬੱਚੀ, ਜੰਮਪਲ ਮੇਰਾ ਕੈਮਲਪੁਰ*
*ਸ਼ਹਿਨਸ਼ਾਹ ਅਵਤਾਰ ਦੇ ਪਾਸੋਂ, ਰਾਜ ਇਲਾਹੀ ਖੁਲ੍ਹਿਆ ਜਾਂ।*
*ਇਸ ਭਾਂਡੇ ਵਿਚ ਰੱਬ ਆ ਬੈਠਾ, ਮਨ ਦਾ ਭਾਂਡਾ ਖੁਲ੍ਹਿਆ ਜਾਂ।*

ਸਹੁਰੇ ਅਵਤਾਰ ਸਿੰਘ ਦੀ ਉਸਤਤਿ ਕਰਨ ਦੇ ਬਾਅਦ ਕੁਲਵੰਤ ਕੌਰ ਨੇ ਆਪਣੇ ਪਤੀ ਗੁਰਬਚਨ ਸਿੰਘ ਦੀ ਸਿਫ਼ਤ ਸਲਾਹ ਕਰਦੇ ਹੋਏ ਕਿਹਾ ਹੈ :

*ਇਸ ਨੂੰ ਕੀ ਸੁਣਾ ਕੇ ਦਸਣਾ, ਇਹ ਤਾਂ ਅੰਤਰਜਾਮੀ ਏ ।*

*ਕੁਲਵੰਤ ਦਾ ਬਣਿਆ ਸੁਆਮੀ ਜੇਹੜਾ, ਘਟ ਘਟ ਅੰਤਰਜਾਮੀ ਏ।*

(ਅਵਤਾਰ ਬਾਣੀ, ਪੰਨਾ ੨੩੬-੩੭)

ਪਤਨੀ ਦੀ ਰਚਨਾ ਦਾ ਪਤੀ ਨੂੰ ਕਿਉਂ ਨਹੀਂ ਪਤਾ ਲੱਗਾ ? ਕੁਲਵੰਤ ਕੌਰ ਨੇ ਉਸ ਨੂੰ ਦੱਸੇ ਬਿਨਾਂ ਕਿਸ ਤਰ੍ਹਾਂ ਤੁਕ-ਬੰਦੀ ਪੁਸਤਕ ਵਿਚ ਦਰਜ ਕਰਵਾ ਦਿੱਤੀ ?

ਦੂਜੀ ਪੇਸ਼ੀ ਵਿਚ ਗੁਰਬਚਨ ਸਿੰਘ ੧੬-੧੭ ਅਗਸਤ ਨੂੰ ਅੰਮ੍ਰਿਤਸਰ ਆਇਆ । ਉਸ ਨੇ ਅਦਾਲਤ ਵਿਚ ਬਿਆਨ ਦਿੱਤਾ :

> *'ਅਵਤਾਰ ਬਾਣੀ' ਸੰਤ ਨਿਰੰਕਾਰੀ ਮੰਡਲ ਦੀ ਧਰਮ ਪੁਸਤਕ ਹੈ । ਇਸ ਵਿਚ ਉਹੀ ਦਰਜ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ, ਗੀਤਾ ਅਤੇ ਸਤਿਆਰਥ ਪ੍ਰਕਾਸ਼ ਵਿਚ ਦਰਜ ਹੈ । 'ਅਵਤਾਰ ਬਾਣੀ' ਵਿਚ ਮੇਰੇ ਨਾਮ ਉਪਰ ਲਿਖੀ ਗਈ ਰਚਨਾ ਮੇਰੇ ਸ਼ਰਧਾਲੂਆਂ ਦੀ ਲਿਖੀ ਹੋਈ ਸੰਤ ਬਾਣੀ ਵਿਚ ਦਰਜ ਹੈ ।*
>
> (ਹਿੰਦ ਸਮਾਚਾਰ, ੧੭ ਅਗਸਤ, ੧੯੭੮)

ਪਹਿਲੇ ਬਿਆਨ ਵਿਚ ਇਹ ਕਹਿੰਦਾ ਹੈ ਕਿ ਅਵਤਾਰ ਬਾਣੀ ਮੇਰੇ ਪਿਉ ਦੀ ਲਿਖਵਾਈ ਹੋਈ ਹੈ । ਇਸ ਦਾ ਮੈਨੂੰ ਕੁਝ ਪਤਾ ਨਹੀਂ । ਫਿਰ ਗੁਰਬਚਨ ਸਿੰਘ ਨੂੰ ਇਹ ਕਿਵੇਂ ਪਤਾ ਲਗ ਗਿਆ ਕਿ ਉਸਦੀ ਰਚਨਾ ਸ਼ਰਧਾਲੂਆਂ ਦੀ ਲਿਖੀ ਹੋਈ ਹੈ ?

ਇਸ ਨਕਲੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਗੀਤਾ ਨਾਲ ਉਪਮਾ ਦੇਣੀ ਭਾਰੀ ਪਾਪ ਹੈ । ਕਿਉਂਕਿ ਗੁਰਬਾਣੀ ਤੇ ਗੀਤਾ ਵਿਚ ਜੋ ਆਤਮਿਕ ਗਿਆਨ ਵਰਣਨ ਕੀਤਾ ਗਿਆ ਹੈ, ਉਸ ਦਾ ਕੋਈ ਅੰਸ਼ ਵੀ ਇਸ ਪੁਸਤਕ ਵਿਚ ਨਹੀਂ ਹੈ ।

(ਗਿਆਨੀ ਪ੍ਰਤਾਪ ਸਿੰਘ ਜੀ ਦੀ ਲਿਖੀ ਪੁਸਤਕ ਨਕਲੀ ਨਿਰੰਕਾਰੀ ਵਿੱਚੋਂ ਧੰਨਵਾਦ ਸਹਿਤ)

❖❖❖

# ਗੁਰੂ ਮਾਨੀਓ ਗ੍ਰੰਥ

ਗੁਰਦੁਆਰਿਆਂ ਵਿਚ ਦੀਵਾਨ ਦੀ ਸਮਾਪਤੀ ਤੇ ਜਦ ਸਿੱਖ ਸੰਗਤ ਇਹ ਦੋਹਰਾ ਪੜ੍ਹਦੀ ਹੈ :

*ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥*
*ਸਭ ਸੀਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥*
*ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹਿ ॥*
*ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹਿ ॥*

ਤਾਂ ਕਈ ਸੱਜਣ ਆਖਦੇ ਹਨ ਕਿ ਇਹ ਦੋਹਰਾ ਗੁਰੂ ਸਾਹਿਬ ਦਾ ਲਿਖਿਆ ਹੋਇਆ ਨਹੀਂ ਹੈ ਅਤੇ ਅਕਾਲੀਆਂ ਨੇ ਇਸ ਨੂੰ ਪੜ੍ਹਨ ਦਾ ਰਿਵਾਜ ਪਾਇਆ ਹੈ ।

ਆਰੀਆ ਸਮਾਜੀ ਜਾਂ ਗੁਰੂ ਡੰਮ ਦੀਆਂ ਦੁਕਾਨਾਂ ਚਲਾਉਣ ਵਾਲੇ ਸਿੱਧੇ ਤੌਰ ਤੇ ਅਤੇ ਆਪਣੇ ਬਾਬਿਆਂ ਨੂੰ ਗੁਰੂਆਂ ਦਾ ਅਵਤਾਰ ਕਹਿਣ ਵਾਲੇ ਜਾਂ ਗੁਰੂ ਤੁਲ ਸਮਝਣ ਵਾਲੇ ਡੇਰੇਦਾਰ ਸੰਤ ਲੁਕਵੇਂ ਤੌਰ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਸ਼ੰਕੇ ਖੜ੍ਹੇ ਕਰ ਕੇ ਆਮ ਸੰਗਤ ਨੂੰ ਗੁਮਰਾਹ ਕਰ ਰਹੇ ਹਨ । ਇਨ੍ਹਾਂ ਦੇ ਇਸ ਬਾਰੇ ਕੀਤੇ ਸ਼ੰਕਿਆਂ ਦਾ ਵੇਰਵਾ ਇਸ ਤਰ੍ਹਾਂ ਹੈ;

(1) ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਗੁਰਤਾ ਦੇਣ ਦਾ ਇਤਿਹਾਸਕ ਪਰਮਾਨ ਦਸ਼ਮੇਸ਼ ਪਿਤਾ ਦੇ ਕਾਲ ਦਾ ਕੋਈ ਨਹੀਂ ਮਿਲਦਾ ।

(2) ਇਕ ਗ੍ਰੰਥ ਗੁਰੂ ਦਾ ਸਥਾਨ ਕਿਵੇਂ ਲੈ ਸਕਦਾ ਹੈ ?

(3) ਜਿਉਂਦਾ ਗੁਰੂ ਹੀ ਉਪਦੇਸ਼ ਦੇ ਕੇ ਸਿੱਖ ਦਾ ਮਾਰਗ ਦਰਸ਼ਕ ਬਣ ਸਕਦਾ ਹੈ ।

(4) ਬਾਣੀ ਆਪਣੇ ਆਪ ਗੁਰੂ ਨਹੀਂ ਹੋ ਸਕਦੀ। ਜੋ ਬਾਣੀ ਨੂੰ ਸਮਝ ਕੇ ਅੱਗੇ ਲੋਕਾਂ ਨੂੰ ਸਮਝਾ ਕੇ ਸਹੀ ਰਸਤੇ ਪਾਉਂਦਾ ਹੈ ਉਹੀ ਗੁਰੂ ਹੈ ।

(5) ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੀ ਬਾਣੀ ਦੇ ਸ਼ਬਦ :

*ਮੈਂ ਆਪਣਾ ਗੁਰੂ ਪੂਛਿ ਦੇਖਿਆ ਅਵਰੁ ਨਾਹੀ ਥਾਉ॥*

*ਤਥਾ–    ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ।*
*ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ।।*

ਅਤੇ ਹੋਰ ਅਨੇਕਾਂ ਸ਼ਬਦਾਂ ਤੋਂ ਸਿੱਧ ਹੁੰਦਾ ਹੈ ਕਿ ਦੇਹਧਾਰੀ ਗੁਰੂ ਬਗੈਰ ਜੀਵਨ ਸੇਧ ਨਹੀਂ ਮਿਲ ਸਕਦੀ ।

(6) ਗੁਰੂ ਗ੍ਰੰਥ ਸਾਹਿਬ ਬੋਲਦੇ ਨਹੀਂ । ਜਦ ਤੱਕ ਬੋਲਣ ਵਾਲਾ ਨ ਹੋਵੇ ਗੱਲ ਕਿਵੇਂ ਸਮਝੀਏ ।

ਇਕ ਵੀਚਾਰ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਸਰੀਰ ਦੀ ਬਣਤਰ ਇਕ ਆਮ ਇਸਨਾਨ ਵਰਗੀ ਸੀ । ਹੱਥ, ਮੂੰਹ, ਨੱਕ, ਕੰਨ ਸਾਡੇ ਵਰਗੇ ਸੀ । ਉਨ੍ਹਾਂ ਦਾ ਜੀਵਨ ਢੰਗ, ਖਾਣ, ਪੀਣ, ਪਰਿਵਾਰਕ ਸਬੰਧ, ਮਾਤਾ–ਪਿਤਾ, ਪਤਨੀ ਅਤੇ ਭਾਈਚਾਰਾ ਸਾਡੇ ਵਰਗਾ ਹੀ ਸੀ । ਸਭ ਤੋਂ ਸ੍ਰੇਸ਼ਟ ਅਤੇ ਵਿਲੱਖਣਤਾ ਵਾਲੀ ਗੱਲ ਜੇ ਕੋਈ ਸੀ ਤਾਂ ਉਹ ਸੀ ਉਨ੍ਹਾਂ ਦੇ ਅੰਦਰ ਪ੍ਰਮੇਸ਼ਰ ਦਾ ਪਿਆਰ ਅਤੇ ਰੱਬੀ ਗਿਆਨ ਦਾ ਭੰਡਾਰ । ਇਸ ਰੱਬੀ ਗਿਆਨ ਅਤੇ ਉਨ੍ਹਾਂ ਦੇ ਅੰਦਰ ਵੱਸ ਰਹੇ ਨਿਰੰਕਾਰੀ ਜੋਤਿ ਦਾ ਜਲਵਾ ਜੋ ਉਨ੍ਹਾਂ ਦੇ ਨੂਰਾਨੀ ਚਿਹਰੇ ਤੋਂ ਪ੍ਰਗਟ ਹੁੰਦਾ ਸੀ, ਕਾਰਨ ਹੀ ਉਨ੍ਹਾਂ ਨੂੰ ਨਿਰੰਕਾਰੀ ਜੋਤ ਜਾਣ, ਲੁਕਾਈ ਸਤਿਕਾਰ ਕਰਦੀ ਸੀ । ਨਹੀਂ ਤਾਂ ਸਿਆਨਿਆਂ ਅਨੁਸਾਰ ਇਹ ਸਰੀਰ ਇਕ ਮਿੱਟੀ ਦੀ ਢੇਰੀ ਹੈ । ਇਸ ਗੁੱਝੀ ਰਮਜ਼ ਨੂੰ ਸਮਝਾਉਣ ਲਈ ਹੀ ਗੁਰੂ ਸਾਹਿਬ ਨੇ ਸਾਰੀ ਉਮਰ ਸੰਘਰਸ਼ ਕੀਤਾ ।

ਜੇ ਗੁਰੂ ਸਾਹਿਬ ਸਾਰੀ ਉਮਰ ਚੁਪ ਚਾਪ ਰਹਿੰਦੇ ਕਿਸੇ ਨਾਲ ਬੋਲਦੇ ਹੀ ਨਾ, ਕੋਈ ਉਪਦੇਸ਼ ਨ ਕਰਦੇ ਅਤੇ ਨ ਬਾਣੀ ਰਚਦੇ ਤਾਂ ਸ਼ਾਇਦ ਦੁਨੀਆਂ ਹੁਣ ਤੱਕ ਕਦ ਦੀ ਉਨ੍ਹਾਂ ਨੂੰ ਭੁਲ ਗਈ ਹੁੰਦੀ । ਇਸ ਲਈ ਸਰੀਰ ਨੂੰ ਗੁਰੂ ਮੰਨਣਾ ਇਕ ਵੱਡੀ ਗਲਤੀ ਹੈ । ਯਥਾਰਥ ਦੀ ਗੱਲ ਹੈ ਜੋ ਰੱਬੀ ਪ੍ਰਕਾਸ਼ ਦਾ ਝਲਕਾਰਾ ਉਨ੍ਹਾਂ ਆਪਣੀ ਬਾਣੀ ਰਾਹੀਂ ਪ੍ਰਗਟ ਕੀਤਾ ਅਤੇ ਜੋ ਜੀਵਨ ਜਾਚ ਦੱਸੀ ਉਹੀ ਅਸਲ ਗੁਰੂ ਹੋਣ ਦੀ ਹੱਕਦਾਰ ਹੈ ।

ਇਸੇ ਲਈ ਜਦ ਗੁਰੂ ਸਾਹਿਬ ਨੂੰ ਸਿਧਾਂ ਨੇ ਪ੍ਰਸ਼ਨ ਕੀਤਾ ਕਿ :

***ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ।।*** (ਅੰਕ 942)

ਤਾਂ ਗੁਰੂ ਸਾਹਿਬ ਦਾ ਉੱਤਰ ਸੀ,

*ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ ॥* (ਅੰਕ 942)

ਗੁਰੂ ਸਾਹਿਬ ਦੇ ਇਸੇ ਆਸ਼ੇ ਨੂੰ ਸ੍ਰੀ ਗੁਰੂ ਅਮਰਦਾਸ ਮਹਾਰਾਜ ਨੇ ਅੱਗੇ ਜਾ ਕੇ ਸਪੱਸ਼ਟ ਕੀਤਾ ਹੈ ।

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥*

(ਅੰਕ 594)

ਕਿ ਮੇਰੇ ਸਰੀਰ ਨੂੰ ਤਾਂ ਸਾਰਾ ਸੰਸਾਰ ਹੀ ਦੇਖਦਾ ਹੈ ਕੇਵਲ ਸਰੀਰ ਨੂੰ ਦੇਖਣ ਨਾਲ ਕੁਝ ਨਹੀਂ ਬਣਦਾ ਪਰ ਮੇਰਾ ਉਪਦੇਸ਼ ਜੋ ਬਾਣੀ ਵਿਚ ਦਰਜ ਹੈ, ਹੀ ਅਸਲ ਗੁਰੂ ਹੈ । ਬਾਣੀ ਨੂੰ ਗੁਰੂ ਮੰਨ ਕੇ ਮਨ ਨਾਲ ਵੀਚਾਰਿਆਂ ਹੀ ਨਿਸਤਾਰਾ ਹੋਣਾ ਹੈ । (ਸਬਦੁ ਗੁਰੂ ਸੁਰਤਿ ਧੁਲਿ ਚੇਲਾ)

ਇਸੇ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਵਾਰ ਵਾਰ ਸਿੱਖ ਨੂੰ ਪਿਆਰ ਨਾਲ ਉਪਦੇਸ਼ ਦਿੱਤਾ ਹੈ :-

*ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆਂ ਸਿਰਿ ਬਾਣੀ ॥*

(ਅੰਕ 92●)

ਇਸੇ ਗੱਲ ਦੀ ਪ੍ਰੋੜ੍ਹਤਾ ਸ੍ਰੀ ਗੁਰੂ ਰਾਮਦਾਸ ਮਹਾਰਾਜ ਨੇ ਕੀਤੀ ਹੈ ।

*ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤ ਬੁਰਕੇ ਰਾਮ ਰਾਜੇ ॥*
*ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤ ਛਕਿ ਛਕੇ ॥*

(ਅੰਕ 448)

ਕਿ ਗੁਰੂ ਦੇ ਸ਼ਰੀਰ ਤੋਂ ਪ੍ਰਮੇਸ਼ਰ ਦੇ ਨਾਮ ਰੂਪ ਅੰਮ੍ਰਿਤ ਦੀਆਂ ਫੁਹਾਰਾਂ ਪੈ ਰਹੀਆਂ ਹਨ ਪਰ ਜਿਨ੍ਹਾਂ ਨੂੰ ਗੁਰੂ ਦੀ ਬਾਣੀ ਭਾਈ ਹੈ, ਚੰਗੀ ਲੱਗੀ ਹੈ । ਭਾਵ ਗੁਰਬਾਣੀ ਨਾਲ ਪਿਆਰ ਪਿਆ ਹੈ ਉਹੀ ਇਹ ਅੰਮ੍ਰਿਤ ਛਕਦੇ ਹਨ ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਨੇ ਇਸੇ ਲਈ ਉਪਦੇਸ਼ ਦਿੱਤਾ ਹੈ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*

(ਅੰਕ 982)

ਦੇਹਧਾਰੀ ਗੁਰੂ ਦੇ ਪੁਜਾਰੀ ਤਾਂ ਅਰਥ ਕਰਦੇ ਹਨ ਕਿ ਦੇਖੋ ਜੀ, ਗੁਰੂ ਸਾਹਿਬ ਨੇ ਲਿਖਿਆ ਹੈ ਕਿ ਪਰਤੱਖ ਗੁਰੂ ਹੀ ਨਿਸਤਾਰਾ ਕਰਦਾ ਹੈ । ਪਰ ਜਿਨ੍ਹਾਂ ਨੂੰ ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਨਿਯਮਾਵਲੀ ਦਾ ਪਤਾ ਹੈ, ਕਿ ਜਿੱਥੇ ਨਾਂਵ ਜਾਂ ਪੜਨਾਂਵ ਨੂੰ ਔਂਕੜ ਲੱਗਾ ਹੋਵੇ ਤਾਂ ਪੁਲਿੰਗ ਇਕ ਵਚਨ ਹੁੰਦਾ ਹੈ ਅਤੇ ਜਿੱਥੇ ਨਾਂਵ ਨੂੰ ਸਿਹਾਰੀ ਲੱਗੀ ਹੋਵੇ ਉੱਥੇ ਅਰਥ, ਨੂੰ, ਨਾ, ਕਾ, ਕੇ, ਕੀ ਅਨੁਸਾਰ ਹੁੰਦੇ ਹਨ । ਸੋ ਸਹੀ ਅਰਥ ਹੈ, ਜੋ ਗੁਰੂ ਬਾਣੀ ਦੁਆਰਾ ਉਪਦੇਸ਼ ਦੇ ਰਿਹਾ ਹੈ, ਕੋਈ ਭੀ, ਜੇ ਜਨ ਅਤੇ ਸੇਵਕ ਬਣ ਕੇ ਮੰਨੇਗਾ ਗੁਰੂ ਪ੍ਰਤੱਖ ਹੋ ਕੇ ਨਿਸਤਾਰਾ ਕਰੇਗਾ ।

ਦਸਮੇਸ਼ ਪਿਤਾ ਦਾ ਸਰਬ ਲੋਹ ਗ੍ਰੰਥ ਵਿਚ ਗ੍ਰੰਥ ਪੰਥ ਵਾਸਤੇ ਇਹ ਫੁਰਮਾਨ ਹੈ :

*ਆਪਨੋਪੋ ਸ੍ਰੀ ਖਾਲਸੇ ਦੀਨਾ ਦੁਤੀਯਾ ਰੂਪ ਸਤਿਗੁਰੂ ਗ੍ਰੰਥਾ ॥*

ਮੈਂ ਆਪਣਾ ਆਪ, ਭਾਵ ਸਰੀਰ ਖਾਲਸੇ ਨੂੰ ਦੇ ਦਿੱਤਾ ਹੈ ਭਾਵ ਖਾਲਸੇ ਵਿਚ ਅਭੇਦ ਹੋ ਗਿਆ ਹਾਂ । ਮੇਰਾ ਦੂਸਰਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ (ਗ੍ਰੰਥਾ) ਵਿਚ ਹੈ ।

*ਬੋਲਨ ਸਤਿਗੁਰੂ ਸ਼ਬਦ ਸੰਭਾਖਨੁ ਨਾਮ ਗੋਬਿੰਦ ਕੀਰਤਨ ਸੰਥਾ॥*

ਗੁਰਬਾਣੀ ਸ਼ਬਦ ਦੁਆਰਾ ਕੀਤੀ ਵੀਚਾਰ, ਕੀਰਤਨ, ਗੁਰੂ ਨਾਲ ਬੋਲਣਾ ਅਤੇ ਗੱਲਾਂ ਕਰਨੀਆਂ ਹਨ ।

*ਗੁਨਨਵਾਦ ਪੁਨਿ ਸਿਫਤਿ ਸਲਾਹਨ ਊਠਤਿ ਬੈਠਤਿ ਸੈਨ ਕਰੰਥਾ॥*

ਬਾਣੀ ਦੁਆਰਾ ਪ੍ਰਮੇਸ਼ਰ ਦਾ ਗੁਨ ਅਤੇ ਸਿਫਤ ਸਲਾਹ, ਉਠਦੇ ਬੈਠਦੇ ਅਥਵਾ ਚਲਦੇ ਫਿਰਦੇ ਕਰਨੀ ਚਾਹੀਦੀ ਹੈ ।

*ਪਾਵਨ ਪੰਥ ਖਾਲਸਾ ਪ੍ਰਗਟਿਯੋ ਚਾਰ ਬਰਨ ਆਸ਼ਰਮ ਸ਼ੁਭ ਪੰਥਾ॥*

ਚਾਰੇ ਬਰਨਾ ਅਤੇ ਆਸ਼ਰਮਾਂ ਨੂੰ ਮਿਲਾ ਕੇ ਹੁਣ ਸ਼ੁਭ ਗੁਣਾਂ ਵਾਲਾ ਪਵਿਤ੍ਰ ਖਾਲਸਾ ਪੰਥ ਪ੍ਰਗਟ ਹੋਇਆ ਹੈ ।

*ਇਨ ਕੋ ਦਰਸ ਸਤਿਗੁਰੂ ਕੋ ਦਰਸਨੁ, ਬੋਲਨੁ ਗੁਰੂ ਸ਼ਬਦ ਗੁਰੂ ਗ੍ਰੰਥਾ॥*

ਇਸ ਖਾਲਸੇ ਦੇ ਦਰਸ਼ਨ ਕਰਨਾ ਗੁਰੂ ਦੇ ਸਰੀਰ ਦੇ ਦਰਸ਼ਨ ਕਰਨ ਤੁਲ ਹੈ ਅਤੇ ਬਾਣੀ ਪੜ੍ਹਨੀ ਗੁਰੂ ਨਾਲ ਗੱਲਾਂ ਕਰਨੀਆਂ ਹਨ ।

*ਦ੍ਵਾਦਸ ਰੂਪ ਸਤਿਗੁਰ ਏ ਕਹੀਯਤ ਦ੍ਵਾਦਸ ਭਾਨ ਪ੍ਰਗਟਿ ਹਰਿ ਜੰਤਾ॥*

ਇਹ ਸਤਿਗੁਰੂ ਦਾ ਦੂਸਰਾ ਰੂਪ ਹੈ ਅਤੇ ਹਰੀ ਦੇ ਜੰਤਾਂ ਲਈ ਦੂਸਰਾ ਗਿਆਨ ਦੇ ਪ੍ਰਕਾਸ਼ ਦਾ ਸੂਰਜ ਹੈ ।

*ਪ੍ਰਤਯਖ ਕਲਾ ਪਾਰਬ੍ਰਹਮ ਧਣੀਛੈ ਗ੍ਰੰਥ ਪੰਥ ਖਾਲਸ ਵਰਤੰਤਾ ॥*

ਪਾਰਬ੍ਰਹਮ ਦੀ ਪਰਤੱਖ ਕਲਾ ਗ੍ਰੰਥ ਅਤੇ ਪੰਥ ਦੇ ਸੁਮਲੇ ਵਿਚ ਵਰਤ ਰਹੀ ਹੈ ।

*ਦਾਸ ਗੋਬਿੰਦ ਫਤਿਹ ਸਤਿਗੁਰੂ ਕੌ ਖਾਸ ਗ੍ਰੰਥ ਗੁਰੂ ਰੂਪ ਬਦੰਤਾ॥*

ਮੈਂ, ਗੋਬਿੰਦ, ਦਾਸ ਬਣ ਕੇ ਇਸ ਖਾਸ ਗੁਰੂ ਰੂਪ ਗ੍ਰੰਥ ਨੂੰ ਫਤਿਹ ਬੁਲਾਉਂਦਾ ਹਾਂ ।

ਕਲਗੀਧਰ ਮਹਾਰਾਜ ਦੇ ਇਸ ਫੁਰਮਾਨ ਤੋਂ ਹੁਣ ਕੋਈ ਗੁੰਜਾਇਸ਼ ਇਹ ਕਹਿਣ ਦੀ ਨਹੀਂ ਰਹੀ ਕਿ ਦਸ਼ਮੇਸ਼ ਪਿਤਾ ਕਿਸੇ ਵਿਸ਼ੇਸ਼ ਵਿਅਕਤੀ ਦੇ ਲੜ ਪੰਥ ਨੂੰ ਲਗਾ ਗਏ ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੇਣ ਦੇ ਪ੍ਰਮਾਣ ਗੁਰੂ ਕਾਲ ਵੇਲੇ ਤੋਂ ਹੀ ਮਿਲਣੇ ਸ਼ੁਰੂ ਹੋ ਜਾਂਦੇ ਹਨ ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮਕਾਲੀ ਸਿਖ ਭਾਈ ਪ੍ਰਹਿਲਾਦ ਸਿੰਘ ਜੀ ਨੇ ਆਪਣੇ ਲਿਖੇ ਰਹਿਤਨਾਮੇ ਵਿਚ ਇਸ ਤਰ੍ਹਾਂ ਲਿਖਿਆ ਹੈ :

*ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਇਉ ਪੰਥ ॥*
*ਸਭ ਸਿਖਨ ਕੌ ਹੁਕਮ ਇਹ ਗੁਰੂ ਮਾਨਿਓ ਗ੍ਰੰਥ ॥*

ਦਸ਼ਮੇਸ਼ ਪਿਤਾ ਜੀ ਦੇ ਆਪਣੇ ਅਨਿੰਨ ਸਿਖ ਭਾਈ ਨੰਦ ਲਾਲ ਜੀ ਰਾਹੀਂ ਇਹ ਬਚਨ ਗੁਰੂ ਸਿੱਖਾਂ ਲਈ ਕਹੇ ਹਨ :

*ਜੋ ਸਿਖ ਗੁਰ ਦਰਸ਼ਨ ਕੀ ਚਾਹ । ਦਰਸ਼ਨ ਕਰੇ ਗ੍ਰੰਥ ਜੀ ਆਹ ॥*
*ਜੋ ਮੁਝ ਸਾਥ ਚਾਹੇ ਕਰ ਬਾਤ। ਗ੍ਰੰਥ ਜੀ ਪੜਹਿ ਬੀਚਾਰਹਿ ਸਾਥ॥*
*ਮੇਰਾ ਰੂਪ ਗ੍ਰੰਥ ਜੀ ਜਾਨ । ਇਸ ਮਹਿ ਭੇਦ ਨ ਰੰਚ ਪਛਾਨ ॥*
*ਗ੍ਰੰਥ ਸਾਹਿਬ ਜੀ ਗੁਰੂ ਕਰ ਜਾਨੈ ॥ ਆਗਿਆ ਸ੍ਰੀ ਗੁਰੂ ਗ੍ਰੰਥ*
*ਸਾਹਿਬ ਜੀ ਮਾਨੈ ॥*(ਤਨਖਾਹਨਾਮਾ ਭਾਈ ਨੰਦ ਲਾਲ)

ਈਸਟ ਇੰਡੀਆ ਕੰਪਨੀ ਦਾ ਪੁਲਿਟੀਕਲ ਏਜੰਟ ਮਿਸਟਰ ਐਲਫਿੰਨਸਟਨ ਫਰੁਖਸੀਅਰ ਦੇ ਦਰਬਾਰ ਵਿਚ ਸੀ । ਉਸ ਨੇ ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਦਾ ਸਾਰਾ ਹਾਲ ਕਲਕੱਤੇ ਹੈਡਕੁਆਟਰ ਨੂੰ ਲਿਖ ਕੇ ਭੇਜਿਆ ਸੀ । ਇਸ ਵਿਚ

ਮਿ: ਐਲਫਿਨਸਟਨ ਸਾਫ਼ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪਿਛੋਂ ਕੋਈ ਦੇਹਧਾਰੀ ਗੁਰੂ ਸਿੱਖਾਂ ਵਿਚ ਨਹੀਂ ਹੋਇਆ ਬਲਕਿ ਆਪਣੀ ਜਗ੍ਹਾ ਗ੍ਰੰਥ ਨੂੰ ਦੇ ਗਏ । (An early European Accounts of Sikhs, by Dr. Ganda Singh)

ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ 43 ਸਾਲ ਪਿਛੋਂ ਭਾਈ ਮਨੀ ਸਿੰਘ ਰਾਹੀਂ ਲਿਖਾਇਆ ਅਤੇ ਕੁਇਰ ਸਿੰਘ ਕਲਾਲ ਦੇ "ਗੁਰਲਿਬਾਸ ਪਾਤਸ਼ਾਹੀ ਦਸਵੀਂ" ਵਿਚ ਇਸ ਤਰ੍ਹਾਂ ਵਰਨਣ ਕੀਤਾ ਹੈ :

*ਦਰਸਨ ਗੁਰ ਕਾ ਹੈ ਸਾਵ ਧਾਨ । ਸ੍ਰੀ ਗ੍ਰੰਥ ਜੀ ਸਾਹਿਬ ਮਾਨ ।*
*ਤਬ ਪੁਨਿ ਆਪ ਉਠੇ ਸਭ ਸੰਗਾ । ਪੈਸੇ ਪੰਚ ਨਲੀਏਰ ਸੁ ਅੰਗਾ।*
*ਕਹਾ ਜੋਇ ਬਚ ਕੀਨਾ ਚਾਹੇ । ਪਾਠ ਕਰੇ ਗੁਰ ਕੇ ਸੁਖ ਪਾਏ ।*
*ਯਾ ਸਮ ਔਰ ਕੋਈ ਗੁਰ ਨਾਹੀਂ। ਬਿਨਾ ਕਾਨ ਸਚ ਬਾਕਕ ਨਾਹੀਂ।*

ਭਾਈ ਕੇਸਰ ਸਿੰਘ ਛਿੱਬਰ ਆਪਣੇ ਗ੍ਰੰਥ "ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ" ਜੋ ਕਿ ਗੁਰੂ ਸਾਹਿਬ ਦੇ ਬ੍ਰਹਮ ਲੀਨ ਹੋਣ ਤੋਂ ਤਕਰੀਬਨ 60 ਸਾਲ ਪਿਛੋਂ ਲਿਖਿਆ ਗਿਆ, ਵਿਚ ਇਸ ਤਰ੍ਹਾਂ ਦਰਜ ਹੈ ।

*ਹੋਰ ਗੁਰਿਆਈ ਦਾ ਟਿੱਕਾ ਗ੍ਰੰਥ ਸਾਹਿਬ ਨੂੰ ਦੇ ਗਏ ।*
*ਪੂ ਜਾ ਅਸਥਾਨ ਅੰਮ੍ਰਿਤਸਰ ਜੀ ਭਏ ।*
*ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਗਿਆ ।*
*ਅਜ ਪ੍ਰਤੱਖ ਗੁਰੂ ਅਸਾਡਾ 'ਗ੍ਰੰਥ ਸਾਹਿਬ' ਸੋਈ ਗਿਆ ਜੋ ਗ੍ਰੰਥੋਂ ਗਿਆ ।*

ਇਤਿਹਾਸ ਤੇ ਝਾਤ ਪਾਇਆਂ ਪਤਾ ਚਲਦਾ ਹੈ ਕਿ ਦਸਮੇਸ਼ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਮਾਪਤੀ ਤੱਕ, ਖਾਲਸਾ ਪੰਥ ਵਿਚ ਕਿਸੇ ਦੇਹਧਾਰੀ ਗੁਰੂ ਦਾ ਨਾਉਂ ਪ੍ਰਗਟ ਨਹੀਂ ਹੁੰਦਾ । ਤਕਰੀਬਨ ਪੂਰੀ ਇਕ ਸਦੀ, ਕਤਲੇਆਮ, ਘੱਲੂਘਾਰੇ ਅਤੇ ਹੋਰ

ਅਸਹਿ ਅਤੇ ਅਕਹਿ ਕਸ਼ਟ ਖਾਲਸੇ ਨੇ ਗ੍ਰੰਥ ਦੇ ਤਾਬੇ ਰਹਿ ਕੇ ਝੱਲ ਕੇ ਸਾਰੀ ਦੁਨੀਆਂ ਦੀਆਂ ਨਜ਼ਰਾਂ ਨੂੰ ਚੁੰਧਿਆ ਦੇਣ ਵਾਲਾ ਇਤਿਹਾਸ ਸਿਰਜਿਆ ।

ਜਦ ਸਿੱਖ ਕਹਿਲਾਉਣਾ ਮੌਤ ਨੂੰ ਸੱਦਾ ਦੇਣਾ ਦਾ ਨਾਉਂ ਸੀ ਉਦੋਂ ਸਭ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਵਰਗੇ ਭਾਈ ਜਾਂ ਵੱਡੀ ਉਮਰ ਦੇ ਹੋਣ ਕਰਕੇ ਬਾਬਾ ਦੀਪ ਸਿੰਘ ਵਰਗੇ ਬਾਬੇ ਹੀ ਸਨ । ਕੋਈ ਗੁਰੂ ਪੈਦਾ ਨਾ ਹੋਇਆ । ਹੁਣ ਜਦ ਹਲਵਾ ਪੂੜੀ ਦਾ ਸਮਾਂ ਹੈ ਤਾਂ ਘਰ ਘਰ ਗੁਰੂ ਅਤੇ ਬਾਬੇ ਪ੍ਰਗਟ ਹੋ ਰਹੇ ਹਨ ।

ਆਪਣੇ ਦੇਸ਼ ਦੇ ਇਤਿਹਾਸ ਨੂੰ ਵਾਚਿਆਂ ਪਤਾ ਚਲਦਾ ਹੈ ਕਿ ਪਹਿਲੋਂ ਪਹਿਲ ਦੇਸ਼ ਵਾਸੀਆਂ ਦੇ ਮਨਾਂ ਉੱਤੇ ਵੇਦ ਬਾਣੀ ਦਾ ਰਾਜ ਸੀ ਅਤੇ ਇਸ ਦੇਸ਼ ਦਾ ਡੰਕਾ ਕੁਲ ਦੁਨੀਆਂ ਵਿਚ ਵੱਜ ਰਿਹਾ ਸੀ । ਜਦ ਬਾਣੀ ਨੂੰ ਛੱਡ ਕੇ ਦੇਸ਼ ਵਾਸੀ ਅਵਤਾਰਵਾਦ ਦੇ ਰੂਪ ਵਿਚ ਸਰੀਰਾਂ ਦੀ ਪੂਜਾ, ਫਿਰ ਸਰੀਰਾਂ ਦੇ ਬੁੱਤਾਂ ਦੀ ਪੂਜਾ ਦੇ ਰਾਹ ਤੁਰ ਪਏ ਤਾਂ ਦੇਸ਼ ਦਾ ਪਤਨ ਸ਼ੁਰੂ ਹੋ ਗਿਆ।

ਅਜ ਸਾਰੀ ਦੁਨੀਆਂ ਦੇ ਦੇਸ਼ਾਂ ਤੇ ਕਿਤਾਬ ਦਾ ਰਾਜ ਹੈ । ਹਰ ਇਕ ਦੇਸ਼ ਆਪਣੇ ਵਿਧਾਨ ਰੂਪੀ ਕਿਤਾਬ ਦੇ ਆਸਰੇ ਹੀ ਚਲ ਰਿਹਾ ਹੈ । ਦੁਨੀਆਂ ਦੇ ਸਾਰੇ ਮਹਿਕਮਿਆਂ ਦਾ ਕਾਰਜ ਭਾਵ ਆਰਥਕ, ਰਖ਼ਸ਼ਾ, ਸਿਖਿਆ, ਭੂਗੋਲਿਕ, ਤਾਰਾ ਵਿਗਿਆਨ, ਇੰਜਿਨੀਅਰਿੰਗ ਭਾਵ ਉਹ ਕਿਹੜਾ ਕੰਮ ਹੈ ਜਿਹੜਾ ਕੋਈ ਇਕ ਵਿਸ਼ੇਸ਼ ਵਿਅਕਤੀ ਚਲਾ ਰਿਹਾ ਹੈ । ਸਭ ਕੰਮ ਕਿਸੇ ਨ ਕਿਸੇ ਕਿਤਾਬ ਦੇ ਲਿਖੇ ਅਸੂਲਾਂ ਤੇ ਹੀ ਚੱਲ ਰਹੇ ਹਨ । ਇਸੇ ਤਰ੍ਹਾਂ ਜੇ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਮੇਰੀ ਬਾਣੀ ਹੀ ਗੁਰੂ ਹੈ ਤਾਂ ਇਹ ਸਮੇਂ ਦੀ ਕਸਵੱਟੀ ਤੇ ਪੂਰੀ ਉਤਰਦੀ ਹੈ।

ਦਲੀਲ ਦਿੱਤੀ ਜਾਂਦੀ ਹੈ ਕਿ ਜੋ ਕਿਤਾਬ ਪੜ੍ਹ ਕੇ ਸਮਝਾਉਂਦਾ ਹੈ ਉਹ ਹੀ ਗੁਰੂ ਹੈ । ਸਕੂਲਾਂ ਕਾਲਜਾਂ ਵਿਚ ਕਿਤਾਬਾਂ ਬੱਚਿਆਂ ਲਈ ਲਗਦੀਆਂ ਹਨ ਉੱਥੇ ਟੀਚਰ ਬੱਚਿਆਂ ਨੂੰ ਕਿਤਾਬ ਪੜ੍ਹਾਉਂਦੇ ਹਨ । ਪਰ ਟੀਚਰ ਕਦੇ ਉਸ ਕਿਤਾਬ ਦਾ ਲੇਖਕ ਨਹੀਂ ਕਹਿਲਾ ਸਕਦਾ । ਸੋ ਗੁਰਬਾਣੀ ਦੇ ਅਰਥ ਬੋਧ ਕਰਨ

ਵਾਲੇ, ਗਿਆਨੀ, ਕਥਾ ਵਾਚਕ ਜਾਂ ਹੋਰ ਕੁਝ ਵੀ ਕਹਿਲਾ ਸਕਦੇ ਹਨ, ਪਰ ਉਹ ਕਦੇ ਭੀ ਗੁਰੂ ਪਦਵੀ ਦੇ ਮਾਲਕ ਨਹੀਂ ਬਣ ਸਕਦੇ ।

ਮੇਰਾ ਇਕ ਮਿੱਤਰ ਜੋ ਹਰ ਰੋਜ਼ ਇਸ ਵਿਸ਼ੇ ਤੇ ਬਹਿਸ ਕਰਦਾ ਰਹਿੰਦਾ ਸੀ, ਇਕ ਦਿਨ ਇਕ ਕਿਤਾਬ ਪੜ੍ਹਦੇ ਪੜ੍ਹਦੇ ਕਹਿਣ ਲੱਗਾ ਕਿ ਦੇਖੋ ਗਾਂਧੀ ਜੀ ਕੀ ਆਖ ਰਹੇ ਹਨ । ਮੈਂ ਉੱਤਰ ਦਿੱਤਾ ਕਿ ਗਾਂਧੀ ਜੀ ਨੂੰ ਸੰਸਾਰ ਤੋਂ ਗਿਆਂ ਕਾਫੀ ਸਮਾਂ ਹੋ ਗਿਆ ਹੈ ਹੁਣ ਮਰ ਕੇ ਇਸ ਤਰ੍ਹਾਂ ਬੋਲ ਪਏ । ਉਹ ਕਹਿਣ ਲੱਗਾ ਮੈਂ ਇਹ ਗਾਂਧੀ ਜੀ ਦੀ ਕਿਤਾਬ ਪੜ੍ਹ ਕੇ ਦਸ ਰਿਹਾ ਹਾਂ । ਇਹ ਗਾਂਧੀ ਜੀ ਦੇ ਬਚਨ ਹਨ । ਮੈਂ ਹੱਸ ਕੇ ਉੱਤਰ ਦਿੱਤਾ ਕਿ ਮੈਂ ਭੀ ਹਮੇਸ਼ਾਂ ਇਹੋ ਕਹਿੰਦਾ ਹਾਂ ਕਿ ਬਾਣੀ ਰਾਹੀਂ ਗੁਰੂ ਸਾਹਿਬ ਬੋਲ ਰਹੇ ਹੁੰਦੇ ਹਨ ਪਰ ਤੂੰ ਮੰਨਣ ਲਈ ਤਿਆਰ ਨਹੀਂ । ਉਸ ਨੂੰ ਕੋਈ ਉਤਰ ਨ ਆਇਆ ।

ਜੇ ਦੇਹਧਾਰੀ ਗੁਰੂ ਦੀ ਫ਼ਿਲਾਸਫ਼ੀ ਨੂੰ ਮੰਨ ਲਈਏ ਤਾਂ ਕੀ ਸਰੀਰ ਆਪਣੇ ਲੱਖਾਂ ਸਿੱਖ ਸੇਵਕਾਂ ਨਾਲ ਇਕੋ ਵੇਲੇ ਕਿਵੇਂ ਗੱਲ ਕਰ ਸਕਦਾ ਹੈ ? ਕਿਵੇਂ ਸਭ ਦੀ ਬੇਨਤੀ ਸੁਣ ਕੇ ਉਨ੍ਹਾਂ ਦੇ ਉੱਤਰ ਦੇ ਸਕਦਾ ਹੈ ? ਇਸੇ ਲਈ ਦੇਹਧਾਰੀ ਗੁਰੂਆਂ ਦੇ ਸੇਵਕ ਮਰਣੇ ਪਰਣੇ ਤੇ ਆਪਣੇ ਗੁਰੂਆਂ ਨੂੰ ਛੱਡ ਕੇ ਫਿਰ ਬਾਣੀ ਰੂਪੀ ਗੁਰੂ ਦੀ ਸ਼ਰਨ ਵਿਚ ਬੈਠ ਕੇ ਬਾਣੀ ਹੀ ਪੜ੍ਹਦੇ ਹਨ ।

ਇਸੇ ਲਈ ਗੁਰੂ ਅਰਜਨ ਸਾਹਿਬ ਦਾ ਗੁਰੂ ਗ੍ਰੰਥ ਸਾਹਿਬ ਬਾਰੇ ਫੁਰਮਾਨ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ (ਰਚਨਾ 1893) ਇਸ ਤਰ੍ਹਾਂ ਦਰਜ ਕੀਤਾ ਹੈ :

***ਸ੍ਰੀ ਗੁਰੂ ਕੇਰ ਸਰੀਰ ਜੋਊ, ਸਭ ਥਾਨ ਸਭੈ ਨਾ ਦਰਸੇ ਹੈਂ ।***
***ਗ੍ਰੰਥ, ਰਿਦਾ, ਗੁਰੂ ਕੋ ਇਹ ਜਾਨੋ, ਉਤਮ ਹੈ, ਸਭ ਕਾਲ ਰਹੇ ਹੈਂ।***
***ਮੇਰੇ ਸਰੂਪ ਤੇ ਯਾ ਤੇ ਹੈ ਦੀਰਘ, ਸਾਹਿਬ ਜਾਣ ਅਦਾਇਬ ਕਰੈ ਹੈਂ।***

ਭਾਵ :- ਗੁਰੂ ਦਾ ਸਰੀਰ ਜੋ ਹੈ ਉਹ ਹਮੇਸ਼ਾਂ ਹਰ ਜਗ੍ਹਾ ਕੋਈ ਦੇਖ ਨਹੀਂ ਸਕਦਾ। ਗ੍ਰੰਥ ਸਾਹਿਬ ਨੂੰ ਗੁਰੂ ਦਾ ਹਿਰਦਾ ਜਾਨੋਂ, ਜੋ ਉੱਤਮ ਹੈ ਅਤੇ ਹਰ ਕਾਲ, ਹਰ ਜਗ੍ਹਾ ਰਹਿ ਸਕਦਾ ਹੈ । ਮੇਰੇ ਸਰੀਰ ਤੋਂ ਵੱਡਾ ਹੈ ਅਤੇ ਸਾਹਿਬ ਜਾਣ ਕੇ ਇਸ ਦਾ ਸਤਿਕਾਰ ਕਰੋ ।

ਕੇਵਲ ਕਿਹਾ ਹੀ ਨਹੀਂ ਬਲਕਿ ਜਦ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਚ ਕੀਤਾ ਤਾਂ ਗੁਰੂ ਅਰਜਨ ਦੇਵ ਜੀ ਗ੍ਰੰਥ ਸਾਹਿਬ ਨੂੰ ਪੀੜ੍ਹੇ ਤੇ ਪ੍ਰਕਾਸ਼ ਕਰਕੇ ਆਪ ਸਿੱਖ ਸੰਗਤ ਨਾਲ ਭੁੰਜੇ ਬੈਠਦੇ ਰਹੇ ਅਤੇ ਰਾਤ ਨੂੰ ਪਲੰਘ ਤੇ ਗ੍ਰੰਥ ਸਾਹਿਬ ਬਿਰਾਜਮਾਨ ਕਰ ਕੇ ਆਪ ਹੇਠਾਂ ਭੂਮ ਆਸਣ ਹੁੰਦੇ ਰਹੇ ।

ਆਮ ਬੋਲ ਚਾਲ ਵਿਚ ਅਤੇ ਹਿੰਦੀ ਬੋਲੀ ਅਨੁਸਾਰ ਤਾਂ ਕੋਈ ਭੀ ਕਿਸੇ ਨੂੰ ਕੋਈ ਕੰਮ ਜਿਹਾ ਕਿ ਤਰਖਾਣਾ, ਲੁਹਾਰਾ, ਕਲਾ ਜਾਂ ਵਿਦਿਆ ਸਖਾਉਣ ਵਾਲੇ ਨੂੰ ਗੁਰੂ ਆਖਿਆ ਜਾਂਦਾ ਹੈ । ਪਰ ਜਦ ਗੁਰਮਤਿ ਦੀ ਗੱਲ ਹੁੰਦੀ ਹੈ ਤਾਂ ਜੋ ਵਿਅਕਤੀ ਕਿਸੇ ਦੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਕਰਕੇ ਸਫਲ ਜੀਵਨ ਜਿਉਣ ਦੀ ਜਾਚ ਸਿਖਾਵੇ ਉਹ ਗੁਰੂ ਕਹਿਲਾਉਂਦਾ ਹੈ ।

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥***
***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*** (ਅੰਕ 448)

ਅਧਿਆਤਮਕ ਖੇਤਰ ਵਿਚ ਜੋ ਨਜ਼ਰ ਮਾਰੀਏ, ਪਿਛਲੇ ਸਮਿਆਂ ਵਿਚ ਕੋਈ ਖੁਦਾ ਦਾ ਪੁੱਤਰ, ਕੋਈ ਪੈਗ਼ੰਬਰ ਅਤੇ ਕੋਈ ਆਪਣੇ ਆਪ ਨੂੰ ਪ੍ਰਮਾਤਮਾ ਕਹਿਲਾਉਣ ਵਾਲਾ ਆਇਆ ਪਰ ਗੁਰੂ ਪਦ ਗੁਰੂ ਨਾਨਕ ਸਾਹਿਬ ਤੋਂ ਇਲਾਵਾ ਕੇਵਲ ਗੁਰੂ ਗੋਰਖ ਨਾਥ ਅਤੇ ਸ਼ੰਕਰਾਚਾਰੀਆਂ ਜੀ ਨਾਲ ਲਗਿਆ ਮਿਲਦਾ ਹੈ।

ਜੇ ਇਨ੍ਹਾਂ ਮਹਾਂ ਪੁਰਸ਼ਾਂ ਦੇ ਫ਼ਲਸਫ਼ੇ ਤੇ ਜੀਵਨ ਨੂੰ ਵਾਚੀਏ ਤਾਂ ਗੋਰਖ ਨਾਥ ਨੇ ਤਾਂ ਪਰਮੇਸ਼ਰ ਦੇ ਅਸੂਲ ਤੋਂ ਉੱਲਟ ਉਪਦੇਸ਼ ਦਿੱਤਾ ਕਿ ਸ਼ਾਦੀ ਨਹੀਂ ਕਰਾਉਣੀ, ਇਸਤਰੀ ਦਾ ਸੰਗ ਨਹੀਂ ਕਰਨਾ, ਦੁਨੀਆਂ ਤੋਂ ਉਪਰਾਮ ਰਹਿਣਾ ਹੈ । ਜੇ ਸਾਰੀ ਦੁਨੀਆਂ ਇਹ ਅਸੂਲ ਅਪਣਾ ਲਵੇ ਤਾਂ ਦੋ ਪੁਸ਼ਤਾਂ ਵਿਚ ਮਨੁੱਖਤਾ ਖ਼ਤਮ ਹੋ ਜਾਵੇਗੀ ।

ਸ਼ੰਕਰਾਚਾਰੀਆ ਜੀ, ਪਰਮੇਸ਼ਰ ਦੀ ਬਣਾਈ ਮਾਇਆ ਦੀ ਹੀ ਸਹੀ ਪਰੀਭਾਸ਼ਾ ਦੱਸਣ ਤੋਂ ਅਸਮਰਥ ਰਹੇ ਅਤੇ ਈਰਖਾ ਦਵੈਖ ਵਿਚ ਫਸ ਕੇ ਬੋਧੀਆਂ ਦਾ ਕਤਲੇਆਮ ਕਰਵਾ ਕੇ ਬੁੱਧ ਮੱਤ ਦਾ ਇਸ ਦੇਸ਼ ਵਿਚੋਂ ਸਫ਼ਾਇਆ ਕਰਾ ਦਿੱਤਾ । ਤਾਂ ਤੇ ਅਧਿਆਤਮਕ ਖੇਤਰ ਵਿਚ ਕੇਵਲ ਗੁਰੂ ਨਾਨਕ ਦੇਵ

ਮਹਾਰਾਜ ਹੀ ਗੁਰੂ ਹਨ । ਗੁਰੂ ਸਾਹਿਬ ਤੋਂ ਪਿਛੋਂ ਅੱਜ ਤੱਕ ਕੋਈ ਭੀ ਗੁਰਮਤਿ ਤੋਂ ਅੱਛੀ ਜੀਵਨ ਜਾਚ ਦੇਣ ਵਾਲਾ ਪ੍ਰਗਟ ਨਹੀਂ ਹੋਇਆ । ਹੁਣ ਵਾਲੇ ਸਾਰੇ ਅਖੌਤੀ ਗੁਰੂ ਗੁਰਮਤਿ ਦੀ ਨਕਲ ਕਰਕੇ ਹੀ ਆਪਣਾ ਡੰਗ ਟਪਾ ਰਹੇ ਹਨ ।

ਹਉਮੈ ਦੇ ਰੰਗ ਵਿਚ ਰੰਗੀ ਸੱਤਾ (ਰਾਜ ਸੱਤਾ) ਅਤੇ ਮਨੁਖਤਾ ਦੇ ਪਿਆਰ ਵਿਚ ਲਬਰੇਜ਼ ਸਤਿ (ਧਰਮ) ਦਾ ਕਦੇ ਆਪਸੀ ਮੇਲ ਨਹੀਂ ਹੋਇਆ ।

***ਭਗਤਾ ਤੈ ਸੰਸਾਰੀਆ ਜੋੜ ਕਦੇ ਨਾ ਆਇਆ ॥***

ਇਸ ਲਈ ਸਤਿ ਦੇ ਆਗੂਆਂ ਨੂੰ ਸਲੀਬ ਤੇ ਲਟਕਣਾ ਪਿਆ, ਅੰਗਾਰਾਂ ਤੇ ਚਲਣਾ ਪਿਆ, ਤੱਤੀ ਤਵੀ ਤੇ ਬੈਠ ਕੇ ਸੀਸ ਵਿਚ ਰੇਤਾ ਪੁਆਉਣਾ ਪਿਆ । ਏਮਨਾਬਾਦ ਵਿਚ ਬਾਬਰ ਦੀ ਕਤਲੇਆਮ ਵਿਰੁਧ ਗੁਰੂ ਨਾਨਕ ਦੇਵ ਮਹਾਰਾਜ ਨੇ ਉਸ ਨੂੰ ਜਾਬਰ ਕਹਿ ਕੇ ਵੰਗਾਰਿਆ । ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਦੀ ਪਿਆਸ ਗੁਰੂ ਤੇਗ਼ ਬਹਾਦਰ ਸਾਹਿਬ ਨੇ ਬੁਝਾਈ ਅਤੇ ਦਸਮੇਸ਼ ਪਿਤਾ ਨੇ ਆਪਣਾ ਸਰਬੰਸ ਵਾਰ ਕੇ ਮਜ਼ਲੂਮਾਂ ਦੀ ਰੱਖਿਆ ਕੀਤੀ । ਉਸ ਪਿਛੋਂ ਚਾਰ ਪੁਸ਼ਤਾਂ ਗੁਰੂ ਕੇ ਖਾਲਸੇ ਨੇ ਅਸਹਿ ਤੇ ਅਕਹਿ ਕਸ਼ਟ ਸਹਾਰ ਕੇ ਜ਼ੁਲਮ ਅਤੇ ਜ਼ਾਲਮ ਦਾ ਨਾਸ਼ ਕੀਤਾ ।

ਇਸ ਕਸਵਟੀ ਤੇ ਜੇ ਅੱਜ ਦੇ ਧਰਮ ਦੇ ਆਗੂਆਂ ਅਤੇ ਅਖੌਤੀ ਦੇਹ ਧਾਰੀ ਗੁਰੂਆਂ ਨੂੰ ਪਰਖੀਏ ਤਾਂ ਘੋਰ ਨਿਰਾਸ਼ਾ ਪੱਲੇ ਪੈਂਦੀ ਹੈ । ਇੰਦਰਾ ਗਾਂਧੀ ਦੀ ਐਮਰਜੈਂਸੀ ਵੇਲੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਇਆ । ਪਿਛਲੇ 20 ਸਾਲਾਂ ਤੋਂ ਮਨੁਖਤਾ ਦਾ ਕਤਲੇਆਮ ਹੋ ਰਿਹਾ ਹੈ । ਬੱਚੇ ਯਤੀਮ ਹੋ ਗਏ, ਅਣਗਿਣਤ ਸੁਹਾਗਣਾਂ ਦੇ ਸੁਹਾਗ ਤੇ ਪਤ ਲੁੱਟੀ ਗਈ । ਕਿੱਥੇ ਨੇ ਇਹ ਦੇਹਧਾਰੀ ਜਗਤ ਗੁਰੂ ? ਕੀ ਕਿਰਦਾਰ ਹੈ ਇਨ੍ਹਾਂ ਦਾ ? ਕੋਈ ਹੈ ਜੋ ਬਾਬੇ ਵਾਂਗ ਬਾਬਰ ਨੂੰ ਜਾਬਰ ਕਹਿ ਕੇ ਵੰਗਾਰੇ ਅਤੇ ਕਤਲੇਆਮ ਬੰਦ ਕਰਾਵੇ ?

ਸਿੱਖੀ ਭੇਸ ਧਾਰ ਕੇ ਆਪਣੇ ਇਕੱਠਾਂ ਵਿਚ ਗੁਰੂ ਬਾਣੀ ਪੜ੍ਹ ਕੇ, ਆਮ ਸਿੱਖ ਸੰਗਤ ਨੂੰ ਭਰਮਾਉਣ ਲਈ ਸਿੱਖੀ ਅਸੂਲਾਂ ਅਤੇ ਮਰਿਯਾਦਾ ਦੀ ਨਕਲਾਂ ਲਾ ਕੇ ਖਾਲਸਾ ਪੰਥ ਦੀਆਂ ਜੜ੍ਹਾਂ ਵਿਚ ਤੇਲ ਦੇਣ ਵਾਲੇ ਇਨ੍ਹਾਂ ਅਖੌਤੀ ਪੂਰਨ ਮਹਾਂ ਪੁਰਸ਼ਾਂ, ਪੂਰਨ ਬ੍ਰਹਮ ਗਿਆਨੀਆਂ ਅਤੇ ਅਖੌਤੀ

ਦੇਹਧਾਰੀ ਗੁਰੂਆਂ ਦੀ ਕੀ ਮਜਾਲ ਹੈ ਕਿ ਆਪਣੇ ਮਾਲਕਾਂ ਦੇ ਬਰਖ਼ਿਲਾਫ਼ ਕੋਈ ਆਵਾਜ਼ ਕੱਢਣ ।

**ਸ੍ਰੀ ਗੁਰੂ ਗ੍ਰੰਥ ਸਾਹਿਬ ਬੋਲਦੇ ਹਨ :**

ਆਰਥਕ, ਪ੍ਰਮਾਰਥਕ, ਸਮਾਜਕ, ਰਾਜਨੀਤਕ, ਸਰੀਰਕ ਅਜੇਹਾ ਕਿਹੜਾ ਮਸਲਾ ਹੈ ਜਿਸ ਬਾਰੇ ਸੇਧ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨਹੀਂ ਮਿਲਦੀ। ਅੱਜ ਜੋ ਭੁਲੇਖੇ ਜੀਵਨ ਜਾਚ ਲਈ ਸਾਡੇ ਮਨਾਂ ਵਿਚ ਪਏ ਹੋਏ ਹਨ ਉਹ ਗੁਰੂ ਸਾਹਿਬ ਦੇ ਵੇਲੇ ਭੀ ਆਮ ਸਿੱਖਾਂ ਵਿਚ ਸਨ । ਉਹ ਸਾਰੇ, ਆਪਣੀ ਮਾਨਸਿਕ ਦਸ਼ਾ ਅਨੁਸਾਰ ਗੁਰੂ ਸਾਹਿਬ ਕੋਲ ਤਕਲੀਫ਼ਾਂ ਰਖਦੇ ਰਹੇ ਅਤੇ ਗੁਰੂ ਸਾਹਿਬ ਉਨ੍ਹਾਂ ਦਾ ਉੱਤਰ ਦਿੰਦੇ ਰਹੇ, ਜੋ ਗੁਰੂ ਸਾਹਿਬ ਨੇ ਬਾਣੀ ਵਿਚ ਦਰਜ ਕੀਤੇ ਹਨ ਅਤੇ ਕੀਤੇ ਸਿੱਧੇ ਸੁਆਲ ਜੁਆਬ ਦੇ ਰੂਪ ਵਿਚ ਸਾਰੀਆਂ ਗੱਲਾਂ ਦਾ ਨਿਰਣਾ ਕੀਤਾ ਹੈ । ਜਿਹਾ ਕਿ :

*ਸਵਾਲ :-* *ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥*
*ਮੁਹੌ ਕਿ ਬੋਲਣੁ ਬੋਲੀਐ ਜਿਤ ਸੁਣਿ ਧਰੇ ਪਿਆਰੁ ॥*
*(ਜਪੁਜੀ)*

*ਉੱਤਰ :-* *ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (ਜਪੁਜੀ)*

*ਸਵਾਲ :-* *ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥*

*ਉੱਤਰ :-* *ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥ (ਅੰਕ 806)*

*ਸਵਾਲ :-* *ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*(ਜਪੁਜੀ)*

*ਉੱਤਰ :-* *ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*(ਜਪੁਜੀ)*

*ਸਵਾਲ :-* *ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥*
*ਕਵਣ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥*
*(ਅੰਕ ੧੩੮੪)*

*ਉੱਤਰ :-* *ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਵਾ ਮਣੀਆ ਮੰਤੁ ॥*
*ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥*
*(ਅੰਕ ੧੩੮੪)*

ਗੁਰੂ, ਬਾਣੀ ਰਾਹੀਂ ਆਪਣੇ ਸਕੇ ਪੁਤਰਾਂ ਤੋਂ ਵੱਧ ਪਿਆਰ, ਆਪਣੇ ਸਿੱਖਾਂ ਨੂੰ ਕਰਦਾ ਹੈ ਅਤੇ ਗੱਲਾਂ ਕਰ ਕੇ ਸਮਝਾਉਂਦਾ ਹੈ ।

*ਆਇ ਮਿਲੁ ਗੁਰ ਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥*
*ਜੋ ਗੁਰਮੁਖਿ ਨਾਮੁ ਧਿਆਇੰਦੇ ਤਿਨ ਦਰਸਨੁ ਦੀਜੈ ॥*
*ਹਮ ਤਿਨ ਕੇ ਚਰਨ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥*

(ਅੰਕ ੭੨੫-੨੬)

ਸੱਚੇ ਪਿਤਾ ਵਾਂਗ ਆਪਣੇ ਗੁਰਸਿਖ ਪੁੱਤਰਾਂ ਨੂੰ ਗਿਆਨ ਦਿੰਦਾ ਹੈ ਅਤੇ ਉਪਦੇਸ਼ ਦਿੰਦਾ ਹੈ :

*ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ।*
*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥*
*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥*

(ਆਨੰਦ ਸਾਹਿਬ)

*ਗੁਰਸਿਖ ਹਰਿ ਬੋਲਹੁ ਮੇਰੇ ਭਾਈ ॥*
*ਹਰਿ ਬੋਲਤ ਸਭ ਪਾਪ ਲਹਿ ਜਾਈ ॥* (ਅੰਕ ੧੬੫)

ਕਦੇ ਆਪਣੇ ਗੁਰ ਸਿੱਖ ਪੁਤਰਾਂ ਨੂੰ ਬੱਚਿਆਂ ਵਾਂਗ ਲਾਲਚ ਦੇ ਕੇ ਭਗਤੀ ਮਾਰਗ ਤੇ ਲਾਉਂਦਾ ਹੈ :–

*ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥*
*ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ* ॥ (ਅੰਕ ੧੩੦੦)

ਕਦੇ ਡਰਾਵਾ ਭੀ ਦਿੰਦਾ ਹੈ ਕਿ ਜੇ ਮੇਰੀ ਗੱਲ ਨਹੀਂ ਮੰਨੇਗਾ ਜਮਾਂ ਦੀ ਮਾਰ ਪਵੇਗੀ ਅਤੇ ਜੇ ਮੇਰੀ ਗੱਲ ਮੰਨੇਗਾ ਜਮ ਤੇਰੇ ਦਾਸ ਬਣ ਜਾਣਗੇ :

*ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥*
*ਸੋ ਜਨੁ ਜਮ ਕੀ ਵਾਟ ਨਾ ਪਾਈਐ ॥* *(ਅੰਕ ੩੮੬)*

*ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ॥*
*ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨਾ ਆਵੈ ॥* (ਅੰਕ ੫੧੪)

ਫਿਰ ਜਦ ਗੁਰੂ ਦੇਖਦਾ ਹੈ ਕਿ ਪੂਰਬਲੇ ਕਰਮਾਂ ਦਾ ਕੋਈ ਗੇੜ ਵਿਘਨ ਪਾ ਰਿਹਾ ਹੈ ਤਾਂ ਪਰਮੇਸ਼ਰ ਅੱਗੇ ਅਰਦਾਸ ਭੀ ਕਰਦਾ ਹੈ :

***ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ, ਦਾਸ ਆਪੁਨੇ ਕਉ ਨਾਮੁ ਦੇਵਹੁ।***
***ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ਭੁਜਾ ਗਹਿ ਕੂਪ ਤੇ ਕਾਢ ਲੇਵਹੁ॥***

(ਅੰਕ ੬੮੪)

ਅੰਤ ਵਿਚ ਜਦ ਦੇਖਦਾ ਹੈ ਕਿ ਸਿਖ ਕੋਈ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਤਾਂ ਫਿਰ ਆਪਣੇ ਗੁਰਸਿਖ ਪੁੱਤਰ ਨੂੰ ਸੱਚਾ ਪਿਤਾ ਹੋਣ ਦਾ ਵਾਸਤਾ ਪਾ ਕੇ ਕਹਿੰਦਾ ਹੈ, ਮੈਂ ਤੇਰਾ ਪਿਤਾ ਹਾਂ ਆਪਣੇ ਪਿਤਾ ਦੀ ਬੇਨਤੀ ਹੀ ਮੰਨ ਲੈ:

***ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥***

ਗੁਰੂ ਤਾਂ ਆਪਣੇ ਗੁਰਸਿੱਖ ਪੁਤਰਾਂ ਨਾਲ ਦਿਨ ਰਾਤ ਗੱਲਾਂ ਕਰਨ ਲਈ ਤਿਆਰ ਹੈ । ਕੋਈ ਕਰਣ ਵਾਲਾ ਤਾਂ ਹੋਵੇ । ਕੋਈ ਗੁਰੂ ਨੂੰ ਹਾਜ਼ਰ ਜਾਣ ਗੁਰੂ ਦੀ ਗੋਦ ਵਿਚ ਬੈਠ ਕੇ ਬਾਣੀ ਪੜ੍ਹਨ ਵਾਲਾ ਤਾਂ ਹੋਵੇ ?

ਆਦਿ ਕਾਲ ਤੋਂ ਗੁਰੂ ਕੇ ਸਿੱਖ ਗੁਰੂ ਨਾਲ ਗੱਲਾਂ ਕਰਦੇ ਆਏ ਹਨ । ਗੱਲਾਂ ਕੀਤੀਆਂ ਹਨ ਬਾਬਾ ਨੰਦ ਸਿੰਘ ਜੀ ਨੇ, ਸੰਤ ਈਸ਼ਰ ਸਿੰਘ ਜੀ, ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਨੇ, ਸੰਤ ਅਤਰ ਸਿੰਘ ਜੀ ਨੇ ਭਾਈ ਵੀਰ ਸਿੰਘ ਅਤੇ ਭਾਈ ਰਣਧੀਰ ਸਿੰਘ ਜੀ ਨੇ । ਸਾਰੇ ਗੱਲਾਂ ਕਰ ਕਰ ਕੇ ਗੁਰੂ ਦੇ ਰੂਪ ਹੋ ਗਏ ।

ਪਰ ਹਾਂ, ਸਾਡੀ ਕੱਟੀ ਨੂੰ ਮੋਕ ਲੱਗੀ ਹੈ ਬਾਬਾ ਜੀ ਕੀ ਦਈਏ, ਸਾਡੀ ਮੱਝ ਹਰੀ ਨਹੀਂ ਹੁੰਦੀ, ਐਤਕੀ ਜੀਰੀ ਬੀਜੀਏ ਜਾਂ ਇੱਖ ਜਾਂ ਇਸ ਵਾਰ ਵੋਟ ਕਿਸ ਨੂੰ ਪਾਈਏ, ਅਜੇਹੀਆਂ ਗੱਲਾਂ ਕਰਨ ਦੀ ਨ ਗੁਰੂ ਨੂੰ ਲੋੜ ਹੈ ਅਤੇ ਨ ਹੀ ਗੁਰੂ ਕੋਲ ਵਿਹਲ ਹੈ । ਅਜੇਹੀਆਂ ਗੱਲਾਂ ਦੇਹ ਧਾਰੀ ਬਾਬਿਆਂ ਨੂੰ ਸੋਭਦੀਆਂ ਹਨ ।

***ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੱਲਾਂ ਕਰਨ ਦੇ ਇਤਿਹਾਸਕ ਪ੍ਰਮਾਣ***

(1) ਬੰਦੇ ਬਹਾਦਰ ਦੀ ਸ਼ਹੀਦੀ ਪਿਛੋਂ ਜਦ ਬੰਦਈ ਖਾਲਸੇ ਅਤੇ ਤੱਤ ਖਾਲਸੇ ਦਾ ਬਖੇੜ ਪੈ ਗਿਆ, ਭਾਈ ਮਨੀ ਸਿੰਘ ਅਤੇ ਹੋਰ ਸਿਆਣਿਆਂ ਨੇ

ਦੋਹਾਂ ਧਿਰਾਂ ਦੀਆਂ ਪਰਚੀਆਂ ਹਰਿਮੰਦਰ ਸਾਹਿਬ ਹਰਿ ਕੀ ਪਉੜੀ ਤੇ ਪਾ ਕੇ ਅਰਦਾਸ ਕੀਤੀ "ਸਚੇ ਪਾਤਸ਼ਾਹ ਆਪਣਾ ਫੈਸਲਾ ਦਸੋ ਜੀ" । ਪਹਿਲਾਂ ਦੋਨੋਂ ਪਰਚੀਆਂ ਡੁੱਬ ਗਈਆਂ । ਫਿਰ ਤੱਤ ਖਾਲਸੇ ਵਾਲੀ ਪਰਚੀ ਉਪਰ ਆਈ । ਗੁਰੂ ਮਹਾਰਾਜ ਨੇ ਨਿਰਣਾ ਕੀਤਾ ਕਿ ਪਹਿਲਾਂ ਦੋਨੋਂ ਘਾਟੇ ਵਿਚ ਰਹਿਣਗੇ ਕੁਝ ਸਮੇਂ ਪਿਛੋਂ ਤੱਤ ਖਾਲਸਾ ਬਲੀ ਹੋ ਕੇ ਪ੍ਰਗਟੇਗਾ ।(ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ)

(2) 1762 ਵਿਚ ਵੱਡੇ ਘੱਲੂਘਾਰੇ ਵੇਲੇ ਜਦ ਤਕਰੀਬਨ ਚਾਲੀ ਹਜ਼ਾਰ ਸਿੱਖ ਸ਼ਹੀਦ ਹੋ ਗਏ ਤਾਂ ਸ਼ਾਮ ਨੂੰ ਬਰਨਾਲੇ ਇਕੱਠੇ ਹੋ ਕੇ 'ਸੋ ਦਰੁ' ਦੇ ਦੀਵਾਨ ਵਿਚ ਪੰਥ ਨੇ ਅਰਦਾਸ ਕੀਤੀ ਹੇ ਕਲਗ਼ੀਆਂ ਵਾਲਿਆ ਗ੍ਰੰਥ ਲਈ ਪੰਥ ਬਣਾਇਆ ਸੀ । ਜੇ ਪੰਥ ਹੀ ਨਹੀਂ ਰਹੇਗਾ ਤਾਂ ਗ੍ਰੰਥ ਕਉਣ ਪੜ੍ਹੇਗਾ ਇਸ ਲਈ ਗ੍ਰੰਥ ਲਈ ਪੰਥ ਰੱਖ ਲੈ ।

*ਪੰਥ ਕੀ ਰਖੋ ਤਉ ਗ੍ਰੰਥ ਕੀ ਰਹੈਗੀ ਨਾਥ ।*
*ਰਾਖਉ ਜੋ ਨ ਪੰਥ ਕੀ ਤਉ ਗ੍ਰੰਥ ਕਉਨ ਮਾਨੈਗਾ ।*

(ਗਿ. ਗਿਆਨ ਸਿੰਘ)

ਦਸ਼ਮੇਸ਼ ਪਿਤਾ ਨੇ ਫਿਰ ਨੇੜੇ ਹੋ ਕੇ ਸੁਣ ਲਈ ਐਸੀ ਕਲਾ ਵਰਤਾਈ ਇਕ ਸਾਲ ਦੇ ਅੰਦਰ ਹੀ ਪੰਥ ਨੇ ਲਾਹੌਰ ਤੇ ਧਾਵਾ ਕਰਕੇ ਫਤਿਹ ਪਾਈ ।

(3) ਸਿੰਘ ਸਭਾ ਲਹਿਰ ਵੇਲੇ, ਹਰਿਮੰਦਰ ਸਾਹਿਬ ਅੰਦਰ ਪੂਜਾਰੀਆਂ ਨੇ ਜਦ ਪਛੜੀਆਂ ਸ਼੍ਰੇਣੀਆਂ ਵਿੱਚੋਂ ਸਜੇ ਸਿੰਘਾਂ ਦਾ ਪ੍ਰਸ਼ਾਦਿ ਤੇ ਚੜ੍ਹਾਵਾ ਲੈਣ ਤੋਂ ਇਨਕਾਰ ਕਰ ਦਿੱਤਾ, ਖਾਲਸਾ ਕਾਲਜ ਦੇ ਬੱਚੇ, ਪ੍ਰੋਫੈਸਰ ਅਤੇ ਹੋਰ ਮੁਖੀ ਸੱਜਣ ਪ੍ਰਸ਼ਾਦਿ ਲੈ ਕੇ ਸਿੰਘਾਂ ਸਮੇਤ ਹਰਿਮੰਦਰ ਸਾਹਿਬ ਆਏ । ਪੂਜਾਰੀਆਂ ਦੇ ਇਨਕਾਰ ਕਰਨ ਤੇ ਤਕਰਾਰ ਵੱਧ ਗਿਆ । ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਲਿੱਤਾ ਜਾਵੇ । ਉਸ ਤੇ ਹੀ ਫੈਸਲੇ ਹੋਵੇਗਾ । ਗੁਰੂ ਮਹਾਰਾਜ ਨੇ ਬਖਸ਼ਿਸ਼ ਕੀਤੀ ਫੁਰਮਾਨ ਸੀ;

*ਨਿਗੁਣਿਆਂ ਨੋ ਆਪੇ ਬਖਸਿ ਲੇਇ ਭਾਈ ਸਤਿਗੁਰ ਕੀ ਸੇਵਾ ਲਾਇ ।*
*ਗੁਣ ਹੀਣ ਹਮ ਅਪਰਾਧੀ ਹਮ ਅਪਰਾਧੀ ਭਾਈ ਪੂਰੇ ਸਤਿਗੁਰਿ ਲਏ ਰਲਾਇ॥* (ਅੰਕ ੬੩੮)

ਪੁਜਾਰੀ ਦਰਬਾਰ ਸਾਹਿਬ ਖਾਲੀ ਕਰ ਗਏ ਅਤੇ ਇਸ ਤਰ੍ਹਾਂ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਸਿੰਘਾਂ ਹੱਥ ਆਈ ।

(4) 1984 ਵਿਚ ਬਲਿਊ ਸਟਾਰ ਉਪਰੇਸ਼ਨ ਪਿਛੋਂ ਜਦ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੋਇਆ ਤਾਂ ਮੁਖ ਵਾਕ ਸੀ :

***ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ***
***ਧੁਰਿ ਤੂ ਰਖਦਾ ਆਇਆ ॥***
***ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ***
***ਪਚਾਇਆ ॥***
***ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ॥***
***ਹਰਿ ਜੀ ਏਹ ਤੇਰੀ ਵਡਿਆਈ ॥***
***ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥***

(ਅੰਕ *੬੩੭-੩੮*)

ਮਹਾਂ ਵਾਕ ਸੁਣ ਕੇ ਗੁਰੂ ਦੇ ਸ਼ਰਧਾਵਾਨ ਸਿੱਖਾਂ ਨੂੰ ਯਕੀਨ ਆ ਗਿਆ ਕਿ ਹੁਣ ਹਰਣਾਖਸ਼ਣੀ ਦਾ ਅੰਤ ਆ ਗਿਆ ਹੈ । ਛੇ ਮਹੀਨੇ ਵਿਚ ਹੀ ਹਰਣਾਖਸ਼ਣੀ ਨਰਕਾਂ ਨੂੰ ਚਲੀ ਗਈ ਅਤੇ ਜਲਦੀ ਹੀ ਉਸ ਦਾ ਜਰਨੈਲ ਚਲਾ ਗਿਆ ।

**ਇਕ ਸਚੀ ਵਾਰਤਾ** :

1955-56 ਵਿਚ ਪਟਿਆਲੇ ਲੀਲ੍ਹਾ ਭਵਨ ਕੋਲ ਹਰ ਰੋਜ਼ ਦੀਵਾਨ ਸਜਦੇ ਸਨ ਅਤੇ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਹਰ ਰੋਜ਼ ਕੀਰਤਨ ਕਰਦੇ ਹੁੰਦੇ ਸਨ । ਸ. ਦਲੀਪ ਸਿੰਘ ਜੀ ਛੀਨਾ ਜੋ ਪੈਪਸੂ 'ਚੋਂ ਆਈ.ਜੀ. ਪੁਲਿਸ ਰਿਟਾਇਰ ਹੋਏ ਸਨ, 22 ਨੰਬਰ ਫਾਟਕ ਤੇ ਕਰਨਲ ਰਘਬੀਰ ਸਿੰਘ ਦੀ ਕੋਠੀ ਦੇ ਨਾਲ ਹੀ ਉਨ੍ਹਾਂ ਦੀ ਕੋਠੀ ਸੀ । ਮੇਰੇ ਪਿਤਾ ਜੀ ਨਾਲ ਸਰਵਿਸ ਵਿਚ ਇਕੱਠੇ ਰਹਿਣ ਕਰਕੇ ਸਾਡੇ ਘਰ ਵਰਗੇ ਸੰਬੰਧ ਸਨ ਅਤੇ ਪਹਿਲਾਂ ਸੰਤਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ । ਇਕ ਦਿਨ ਮੈਂ ਉਨ੍ਹਾਂ ਨੂੰ ਕਿਹਾ ਕਿ ਸੰਤ ਬਹੁਤ ਅੱਛਾ ਕੀਰਤਨ ਕਰਦੇ ਹਨ ਤੁਸੀਂ ਭੀ ਚੱਲੋ । ਕਹਿਣ ਲੱਗੇ ਕਾਕਾ ਤੂੰ ਜਾਇਆ ਕਰ ਮੇਰਾ ਇੱਥੇ ਹੀ ਸਰ ਜਾਂਦਾ ਹੈ ।

ਤੀਸਰੇ ਦਿਨ ਮੈਂ ਫਿਰ ਜਾ ਕੇ ਸੰਤਾਂ ਦਾ ਕੀਰਤਨ ਸੁਣਨ ਲਈ ਕਿਹਾ। ਉਨ੍ਹਾਂ ਨੇ ਫਿਰ ਉੱਤਰ ਦਿੱਤਾ ਕਾਕਾ ਤੂੰ ਜਾ ਕੇ ਸੁਣ ਲੈ ਮੈਂ ਵੱਡੇ ਸੰਤਾਂ ਦੀ ਸੰਗਤ ਕਰਦਾ ਹਾਂ । ਮੈਨੂੰ ਗੱਲ ਸਮਝ ਨ ਆਈ । ਗੱਲ ਸਪੱਸ਼ਟ ਕਰਨ ਲਈ ਉਨ੍ਹਾਂ ਚੁਬਾਰੇ ਵੱਲ ਇਸ਼ਾਰਾ ਕੀਤਾ ਅਤੇ ਕਿਹਾ ਸਭ ਤੋਂ ਵੱਡੇ ਸੰਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਉੱਥੇ ਹਨ । ਮੇਰਾ ਇੱਥੇ ਹੀ ਸਰ ਜਾਂਦਾ ਹੈ । ਹੋਰ ਗੱਲ ਸਪੱਸ਼ਟ ਕਰਨ ਲਈ ਉਨ੍ਹਾਂ ਹੇਠ ਲਿਖੀ ਹੱਡ ਬੀਤੀ ਸੁਣਾਈ ।

"ਇਕ ਦਿਨ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕਰ ਰਿਹਾ ਸੀ ਕਿ ਕੁਛ ਸ਼ਬਦ ਐਸੇ ਆਏ ਜਿਸ ਤੋਂ ਮਨ ਵਿਚ ਭਰਮ ਪੈਦਾ ਹੋਵੇ ਕਿ ਦੇਹਧਾਰੀ ਗੁਰੂ ਦੀ ਲੋੜ ਹੈ । ਮਨ ਦਾ ਭਰਮ ਦੂਰ ਕਰਨ ਲਈ ਮੈਂ ਗੁਰੂ ਮਹਾਰਾਜ ਤੇ ਰੁਮਾਲਾ ਦੇ ਕੇ ਅਰਦਾਸ ਕੀਤੀ ਅਤੇ ਮੁੜ ਪਾਠ ਕਰਨ ਲੱਗ ਪਿਆ ।

ਥੋੜ੍ਹੀ ਦੇਰ ਪਿਛੋਂ ਮੇਰੇ ਸਿਰ ਵਿਚ ਦਰਦ ਸ਼ੁਰੂ ਹੋ ਗਿਆ ਅਤੇ ਵਧਦਾ ਗਿਆ ਪਰ ਬਾਣੀ ਦਾ ਆਨੰਦ ਭੀ ਵਧਦਾ ਗਿਆ । ਇਕ ਵੇਰ ਇਸ ਤਰ੍ਹਾਂ ਲੱਗਾ ਕਿ ਦਰਦ ਨਾਲ ਸਿਰ ਫੱਟ ਜਾਵੇਗਾ । ਪਰ ਬਾਣੀ ਦੇ ਰਸ ਕਾਰਨ ਮੈਂ ਪਾਠ ਭੀ ਛੱਡ ਨ ਸੱਕਾਂ ।

ਫਿਰ ਥੋੜ੍ਹੀ ਦੇਰ ਪਿਛੋਂ ਮੈਂ ਮਹਿਸੂਸ ਕੀਤਾ ਕਿ ਜਿਸ ਤਰ੍ਹਾਂ ਸਲਾਇਡਿੰਗ ਵਿੰਡੋ ਤੋਂ ਪੜਦਾ ਹਟਾਈਦਾ ਹੈ ਕਿਸੇ ਨੇ ਮੇਰੇ ਮੱਥੇ ਅੱਗਿਅਓ ਅਜੇਹਾ ਕਰ ਦਿੱਤਾ । ਉਸ ਪਿਛੋਂ ਮੈਨੂੰ ਦੂਰ ਇਕ ਲਾਈਟ ਨਜ਼ਰ ਆਈ ਜੋ ਦੀਵਾਰ ਦੇ ਵਿਚ ਦੀ ਮੈਨੂੰ ਨਜ਼ਰ ਆ ਰਹੀ ਸੀ ।

ਹੌਲੀ ਹੌਲੀ ਉਹ ਲਾਈਟ ਮੇਰੇ ਨੇੜੇ ਆਉਂਦੀ ਗਈ । ਅੰਤ ਨੂੰ ਮੈਂ ਦੇਖਿਆ ਕਿ ਉਹ ਲਾਈਟ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਸਰੂਪ ਚਉਬਾਰੇ ਵਿਚ ਆ ਗਿਆ । ਕੋਈ ਆਦਮੀ ਨਾਲ ਨਹੀਂ ਪਰ ਆਪਣੇ ਆਪ ਚੌਰ ਉਸ ਨਵੇਂ ਆਏ ਸਰੂਪ ਤੇ ਹੋ ਰਿਹਾ ਹੈ । "ਐਸੀ ਪਰਮੇਸ਼ਰ ਦੀ ਖੇਡ ਵਰਤੀ ਕਿ ਮੇਰਾ ਸਰੀਰ ਪਹਿਲੇ ਤੋਂ ਬਿਰਾਜਮਾਨ ਸਰੂਪ ਦੇ ਤਾਅਬੇ ਹੈ ਅਤੇ ਸ਼ੂਖਸ਼ਮ ਸਰੀਰ ਨਾਲ ਮੈਂ ਨਵੀਂ ਆਈ ਸਵਾਰੀ ਨੂੰ ਨਮਸਕਾਰ ਕੀਤੀ ਅਤੇ ਫਤਿਹ ਬੁਲਾਈ, ਅਰਦਾਸ ਕੀਤੀ ਅਤੇ ਹੁਕਮਨਾਮਾ ਲਿੱਤਾ । (ਜੋ ਉਹ ਮੇਰੇ ਕੋਲੋਂ ਛੁਪਾ ਗਏ) ਇਸ ਪਿਛੋਂ ਮੈਨੂੰ ਪੂਰਾ ਯਕੀਨ ਆ ਗਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਕੋਈ ਸੰਤ

ਨਹੀਂ । ਸੋ ਮੈਂ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੇਕ ਪਕੜੀ ਹੈ । ਹੁਣ ਹੋਰ ਕਿਤੇ ਜਾਣ ਦੀ ਇੱਛਾ ਹੀ ਨਹੀਂ ਉਪਜਦੀ ।"

ਇਸੇ ਤਰ੍ਹਾਂ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੇ ਜੀਵਨ, ਜੋ "ਸੇ ਕਿਨੇਹਿਆ" ਕਿਤਾਬ ਵਿਚ ਦਰਜ ਹੈ, ਪੜ੍ਹਨ ਤੋਂ ਪਤਾ ਚਲਦਾ ਹੈ ਕਿ ਜਦ ਭੀ ਕੋਈ ਮਸਲਾ ਖੜ੍ਹਾ ਹੋਇਆ 'ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਕਮਰੇ ਵਿਚ ਜਾ ਕੇ ਅਰਦਾਸ ਕੀਤੀ ਅਤੇ ਜ਼ਾਹਰਾ ਤੌਰ ਤੇ ਗੁਰੂ ਸਾਹਿਬ ਨਾਲ ਗੱਲਾਂ ਕਰਕੇ ਨਿਸ਼ਾ ਪੂਰੀ ਕੀਤੀ ।

ਜਦ ਭਾਈ ਰਣਧੀਰ ਸਿੰਘ ਜੀ ਆਪਣੀ ਜੇਲ੍ਹ ਯਾਤਰਾ ਪੂਰੀ ਕਰਨ ਪਿਛੋਂ ਰਿਹਾ ਹੋ ਕਿ ਪਿੰਡ ਨਾਰੰਗ ਵਾਲ ਪਹੁੰਚੇ, ਪਿੰਡ ਵਾਲਿਆਂ ਨੇ ਅਨੇਕ ਤਰ੍ਹਾਂ ਨਾਲ ਖੁਸ਼ੀਆਂ ਮਨਾਈਆਂ । ਅਖੰਡ ਪਾਠ ਦੀ ਸਮਾਪਤੀ ਪਿਛੋਂ ਦੀਵਾਨ ਦੀ ਸਮਾਪਤੀ ਤੇ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ ਗਿਆ। ਗੁਰੂ ਸਾਹਿਬ ਨੇ ਪ੍ਰਤੱਖ ਹੋ ਕੇ ਅਸੀਸ ਦਿੱਤੀ।

*ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਿਜ ਸੇਤੀ ਘਰਿ ਆਉ ॥*
*ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥*
*ਤੁਮ ਘਰਿ ਆਵਹੁ ਮੇਰੇ ਮੀਤ ॥*
*ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥*
*ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥*
*ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥*
*ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥*
*ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥*
*ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥*
*ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥* (ਅੰਕ ੬੭੮)

ਐਸੀਆਂ ਹੋਰ ਅਣਗਿਣਤ ਮਿਸਾਲਾਂ ਮਿਲ ਸਕਦੀਆਂ ਹਨ । ਜਿੱਥੇ ਗੁਰੂ ਦੀ ਜ਼ਾਹਰਾ ਕਲਾ ਪਰਗਟ ਹੋਈ ਹੈ ।

ਦੁਨੀਆਂ ਦੀਆਂ ਸਾਰੀਆਂ ਮਹਾਨ ਹਸਤੀਆਂ, ਰਾਮ, ਕ੍ਰਿਸ਼ਨ ਜੀ, ਬੁਧ ਜੀ, ਹਜ਼ਰਤ ਈਸਾ ਜੀ, ਹਜ਼ਰਤ ਮੁਹੰਮਦ ਸਾਹਿਬ ਜਾਂ ਗੁਰੂ ਨਾਨਕ ਦੇਵ

ਮਹਾਰਾਜ ਆਪਣੇ ਆਪਣੇ ਸਮੇਂ ਸੰਸਾਰ ਤੇ ਸੂਰਜ ਵਾਂਗ ਚਮਕੇ ਅਤੇ ਇਨ੍ਹਾਂ ਦਾ ਸਮਕਾਲੀ ਕੋਈ ਹੋਰ ਵਿਅਕਤੀ ਉਸ ਪ੍ਰਭੁਤਾ ਦਾ ਮਾਲਕ ਇਤਿਹਾਸ ਵਿਚ ਨਜ਼ਰ ਨਹੀਂ ਆਉਂਦਾ । ਪਰ ਅੱਜ ਜਗ੍ਹਾ ਜਗ੍ਹਾ ਆਪਣੇ ਆਪ ਨੂੰ ਪੂਰਨ ਬ੍ਰਹਮ ਗਿਆਨੀ ਤੇ ਗੁਰੂ ਕਹਾਉਣ ਵਾਲਿਆਂ ਦੀ ਇਕ ਮੰਡੀ ਲੱਗੀ ਹੋਈ ਹੈ ਅਤੇ ਸਭ ਇਕ ਦੂਸਰੇ ਤੋਂ ਵੱਧ ਪਦਵੀ ਦੇ ਮਾਲਕ ਹੋਣ ਦਾ ਦਾਅਵਾ ਕਰਦੇ ਹਨ । ਸਭ ਕੁਛ ਦੇਖ ਕੇ ਕਹਾਵਤ ਯਾਦ ਆਉਂਦੀ ਹੈ ।

*ਮੈਂ ਕੀਹਦੀ ਚਰਨੀ ਲੱਗਾਂ ਗੁਰੂਆਂ ਦੇ ਵੱਗ ਫਿਰਦੇ ।*

ਪਰ ਹਾਂ ! ਇਕ ਗੱਲ ਬੜੇ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਜੋ ਪਦਵੀ ਅਤੇ ਮਾਣ ਸਤਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਹੈ, ਸੰਸਾਰ ਵਿਚ ਹੋਰ ਕਿਸੇ ਧਰਮ ਗ੍ਰੰਥ ਨੂੰ ਅੱਜ ਤੱਕ ਨਹੀਂ ਮਿਲ ਸਕਿਆ ।

ਜਿਥੇ ਗੁਰੂ ਨਾਨਕ ਦੇਵ ਮਹਾਰਾਜ ਦੀ ਦਿਗ ਵਿਜੈ ਦਾ ਵਰਨਣ ਭਾਈ ਗੁਰਦਾਸ ਜੀ ਇਸ ਤਰ੍ਹਾਂ ਕਰਦੇ ਹਨ ।

*ਧਰੀ ਨੀਸਾਣੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ ।*
*ਜਿਥੈ ਜਾਇ ਜਗਤਿ ਵਿਚ ਬਾਬੇ ਬਾਝ ਨ ਖਾਲੀ ਜਾਈ ।*
*ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ ।*
*ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜੁ ਜਗੁ ਰੁਸਨਾਈ ।*
*ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ ।*
*ਚੜ੍ਹਿਆ ਚੰਦੁ ਨ ਲੁਕਈ ਕਢਿ ਕੁਠਾਲੀ ਜੋਤਿ ਛਪਾਈ ।*
*ਉਗਵਣਿ ਤੇ ਆਥਵਣੋ ਨਉ ਖੰਡ ਪ੍ਰਿਥਮੀ ਸਭਾ ਝੁਕਾਈ ।*
*ਜਗ ਅੰਦਰਿ ਕੁਦਰਤਿ ਵਰਤਾਈ ।*(ਵਾਰ ੧ ਪਉੜੀ ੩੪)

ਉਸੇ ਤਰ੍ਹਾਂ ਦੁਨੀਆਂ ਦਾ ਸਿਆਣੇ ਤੋਂ ਸਿਆਣਾ ਕੋਈ ਭੀ ਮਨੁੱਖ ਜੋ ਨਿਸ਼ਕਪਟ ਹੋ ਕੇ ਬਾਣੀ ਪੜ੍ਹਦਾ ਹੈ, ਚਾਹੇ ਉਹ ਨੋਬਲ ਪੁਰਸਕਾਰ ਵਿਜੇਤਾ, ਰਾਬਿੰਦਰ ਨਾਥ ਟੈਗੋਰ ਜੀ ਹਨ ਜਾਂ ਮਿਸ ਪਰਲ ਐਸ. ਬੱਕ ਅਤੇ ਮਿਃ ਟਾਇਨਬੀ, ਅਥਵਾ ਹੋਰ ਕਿਸੇ ਨੇ ਇਸ ਦਾ ਅਧਿਐਨ ਕੀਤਾ, ਸਭ ਨੇ ਬਾਣੀ ਦਾ ਸਤਿਕਾਰ ਕੀਤਾ ਹੈ ਅਤੇ ਸਿਫ਼ਤਾਂ ਕੀਤੀਆਂ ਹਨ । ਅਤੇ ਯੂ. ਐਨ. ਓ. ਪੱਧਰ ਤੇ

ਗੁਰਬਾਣੀ ਨੂੰ ਪ੍ਰਵਾਣ ਕਰ ਕੇ ਹੋਰ ਬੋਲੀਆਂ ਵਿਚ ਅਨੁਵਾਦ ਕੀਤਾ ਜਾ ਰਿਹਾ ਹੈ ।

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇੰਜ ਆਖਦੇ ਹਨ :

*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥*
*ਬਾਣੀ ਗੁਰਬਾਣੀ ਲਾਗੇ ਤਿਨੑ ਹਥਿ ਚੜਿਆ ਰਾਮ ॥*
*ਗੁਰਬਾਣੀ ਲਾਗੇ ਤਿਨੑ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥*
*ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥*

(ਅੰਕ *੪੪੨*)

ਆਓ, ਜੀਵਨ ਸਫ਼ਲਾ ਕਰਨ ਲਈ ਸਾਰੇ ਹੀ, ਸਰੀਰਾਂ ਤੋਂ ਹਟ ਕੇ ਬਾਣੀ ਨਾਲ ਜੁੜੀਏ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਸਹਿਤ ਨਮਸ਼ਕਾਰ ਕਰਕੇ ਆਪਣੇ ਆਪ ਨੂੰ ਗੁਰੂ ਦੀ ਹਜ਼ੂਰੀ ਵਿਚ ਜਾਣ ਕੇ ਇਕ ਮਨ ਹੋ ਗੁਰਬਾਣੀ ਦਾ ਰਸ ਮਾਣੀਏ ।

*ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ।*
*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ।*
*ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਦੀ ਦੇਹਿ ।*
*ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹਿ ।*

**ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥**

❖❖❖

# ਸਹਾਇਕ ਪੁਸਤਕਾਂ ਦੀ ਸੂਚੀ


1. ਮਹਾਨ ਕੋਸ਼ : ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ।
2. ਕੂਕਿਆਂ ਦੀ ਵਿਥਿਆ : ਕ੍ਰਿਤ ਡਾ. ਗੰਡਾ ਸਿੰਘ ।
3. An early european Account of Sikhs : By Dr. Ganda Singh
4. ਰਾਧਾ ਸੁਆਮੀ ਮਤ : ਡਾ. ਪ੍ਰਤਾਪ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ।
5. ਨਕਲੀ ਨਿਰੰਕਾਰੀ : ਡਾ. ਪ੍ਰਤਾਪ ਸਿੰਘ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ।
6. ਸੇ ਕਿਨੇਹਿਆ
7. ਜੇਲ ਚਿੱਠੀਆਂ : ਭਾਈ ਰਣਧੀਰ ਸਿੰਘ ।



Website: www.gurmatvichar.info
Email: sdkajitsingh@yahoo.co.in